Excellence in Agri Info

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh ● RNI/PUNPUN00806 ● Issue Dated 12-10-2024 ● Vol.42 No.41 ● Ph. : 0175-2214575, 90410-14575 ● Page : 16 | E-mail : khetiduniyan1983@gmail.com

## ਪੀ.ਏ.ਯੂ. ਵੱਲੋਂ ਕਿਸਾਨ ਭਰਾਵਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ

ਕਿਸਾਨ ਵੀਰੋ ! ਆਉਂਦੇ ਦਿਨਾਂ ਵਿਚ ਝੋਨੇ ਦੀ ਵਾਢੀ ਦਾ ਮੌਕਾ ਆ ਰਿਹਾ ਹੈ । ਇਸਦੇ ਨਾਲ ਹੀ ਪਰਾਲੀ ਦੀ ਸੰਭਾਲ ਦਾ ਮੁੱਦਾ ਇਕ ਚੁਣੌਤੀ ਵਾਂਗ ਸਾਡੇ ਸਾਹਮਣੇ ਆਵੇਗਾ । ਅਜੇ ਵੀ ਕੁਝ ਕਿਸਾਨ ਇਸਦਾ ਹੱਲ ਅੱਗ ਲਾ ਕੇ ਪਰਾਲੀ ਸਾੜਨ ਨੂੰ ਹੀ ਮੰਨਦੇ ਹਨ । ਭਾਵੇਂ ਬਹੁ-ਗਿਣਤੀ ਕਿਸਾਨਾਂ ਨੇ ਪਰਾਲੀ ਦੇ ਮੁੱਲ ਅਤੇ ਮਹੱਤਵ ਨੂੰ ਸਮਝ ਕੇ ਇਸਨੂੰ ਖੇਤ ਵਿਚ ਵਾਹੁਣ ਦਾ ਰਾਹ ਫੜਿਆ ਹੈ । ਪੀ.ਏ.ਯੂ. ਨੇ ਪਰਾਲੀ ਦੀ ਸੰਭਾਲ ਲਈ ਬਹੁਤ ਸਾਰੀ ਮਸ਼ੀਨਰੀ ਸਮੇਂ-ਸਮੇਂ ਤੇ ਵਿਕਸਿਤ ਕਰਕੇ ਕਿਸਾਨਾਂ ਨੂੰ ਦਿੱਤੀ ਹੈ । ਆਪਣੇ ਨੇੜੇ ਦੀ ਸਹਿਕਾਰੀ ਸੁਸਾਇਟੀ ਜਾਂ ਮਸ਼ੀਨਰੀ ਬੈਂਕ ਨਾਲ ਜੁੜ ਕੇ ਉਸ ਮਸ਼ੀਨਰੀ ਦਾ ਲਾਭ ਉਠਾਓ ।

ਪੀ.ਏ.ਯੂ. ਦੇ ਦਸ ਸਾਲਾਂ ਦੇ ਤਜ਼ਰਬਿਆਂ ਨੇ ਇਹ ਸਾਬਤ ਕੀਤਾ ਹੈ ਕਿ ਜ਼ਮੀਨ ਵਿਚ ਪਰਾਲੀ ਵਾਹੁਣ ਨਾਲ ਜੈਵਿਕ ਕਾਰਬਨ ਦੀ ਮਾਤਰਾ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ । ਫਸਲਾਂ ਦੇ ਉਤਪਾਦਨ ਲਈ ਲੋੜੀਂਦੇ ਤੱਤ ਵੀ ਕਿਸਾਨਾਂ ਨੂੰ ਪਰਾਲੀ ਵਾਹੁਣ ਨਾਲ ਮਿਲਦੇ ਹਨ । ਪੀ.ਏ.ਯੂ. ਵੱਲੋਂ ਸਿਫਾਰਸ਼ ਕੀਤੀ ਨਵੀਂ ਸਰਫੇਸ ਸੀਡਿੰਗ ਤਕਨੀਕ ਤਾਂ ਪਰਾਲੀ ਦੀ ਸਸਤਾ ਅਤੇ ਟਿਕਾਊ ਸਾਧਨ ਸਾਬਤ ਹੋਈ ਹੈ । ਆਓ ! ਪਰਾਲੀ ਦੀ ਵਾਤਾਵਰਨ ਪੱਖੀ ਸੰਭਾਲ ਨਾਲ ਜੁੜੀਏ । ਆਉਂਦੀਆਂ ਨਸਲਾਂ ਨੂੰ ਸ਼ੁੱਧ ਪਾਣੀ, ਹਵਾ ਅਤੇ ਜ਼ਮੀਨ ਮੁਹੱਈਆ ਕਰਾਈਏ ਅਤੇ ਪਾਵਨ ਗੁਰਬਾਨੀ ਦੇ ਪਾਵਨ ਸੰਦੇਸ਼, 'ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤੁ ਮਹਤੁ' ਦੇ ਸਹੀ ਅਰਥਾਂ ਵਿਚ ਧਾਰਨੀ ਬਣੀਏ । ਪੀ.ਏ.ਯੂ. ਹਰ ਤਰ੍ਹਾਂ ਦੀ ਤਕਨੀਕੀ ਅਗਵਾਈ ਲਈ ਹਰ ਸਮੇਂ ਤੁਹਾਡੇ ਅੰਗ ਸੰਗ ਹੈ ।





ਪਿਛਲੇ ਦਿਨੀਂ ਅੰਮ੍ਰਿਤਸਰ ਨੇੜਲੇ ਪਿੰਡਾਂ ਵਿੱਚ ਤੇਜ਼ ਹਵਾਵਾਂ ਅਤੇ ਭਾਰੀ ਬਾਰਿਸ਼ ਕਾਰਨ ਜ਼ਮੀਨ 'ਤੇ ਵਿੱਛੀ ਹੋਈ ਝੋਨੇ ਦੀ ਫ਼ਸਲ ਦੇਖਦੇ ਹੋਏ ਕਿਸਾਨ।

# ਤੇਜ਼ ਹਵਾਵਾਂ ਤੇ ਮੀਂਹ ਦੇ ਛਰਾਟਿਆਂ ਕਾਰਨ ਝੋਨੇ ਦੀ ਪੱਕੀ ਫਸਲ ਦਾ ਨੁਕਸਾਨ

ਪਿਛਲੇ ਦਿਨੀਂ ਪੰਜਾਬ ਵਿੱਚ ਕੁਝ ਥਾਵਾਂ 'ਤੇ ਤੇਜ਼ ਹਨੇਰੀ ਅਤੇ ਮੀਂਹ ਕਾਰਨ ਝੋਨੇ ਦੀ ਫ਼ਸਲ ਨੂੰ ਕਾਫੀ ਨੁਕਸਾਲ ਪਹੁੰਚਿਆ ਹੈ । ਆੜ੍ਹਤੀਆਂ ਅਤੇ ਮੰਡੀ ਮਜ਼ਦੂਰਾਂ ਦੀ ਹੜਤਾਲ ਕਾਰਨ ਪਹਿਲਾਂ ਹੀ ਝੋਨੇ ਦੀ ਖਰੀਦ ਲੇਟ ਸ਼ੁਰੂ ਹੋਣ ਕਾਰਨ ਕਿਸਾਨਾਂ ਵਿਚ ਬੇਚੈਨੀ ਪਾਈ ਜਾ ਰਹੀ ਸੀ ਅਤੇ ਹੁਣ ਤੇਜ਼ ਹਵਾਵਾਂ ਤੇ ਮੀਂਹ ਦੇ ਛਰਾਟਿਆਂ ਬਾਅਦ ਕਿਸਾਨਾਂ ਦੀ ਮੰਡੀਆਂ ਵਿਚ ਪਹੁੰਚੀ ਝੋਨੇ ਦੀ ਫਸਲ ਅਤੇ ਪੱਕ ਕੇ ਤਿਆਰ ਖੜੀ ਕਮਾਈ ਤਿਆਰ ਫਸਲ ਦੇ ਨੁਕਸਾਨ ਦਾ ਡਰ ਹੈ । ਮੌਸਮ ਵਿਚ ਆਈ ਅਚਾਨਕ ਤਬਦੀਲੀ ਨਾਲ ਕਿਸਾਨਾਂ ਦੀਆਂ ਚਿੰਤਾਵਾਂ ਵਧਣਾ ਸੁਭਾਵਕ ਹੈ ।

ਭਾਵੇਂ ਸਰਕਾਰ ਨੇ ਸ਼ੈਲਰ ਮਾਲਕਾਂ ਨਾਲ ਮੀਟਿੰਗ ਕਰ ਕੇ ਉਨ੍ਹਾਂ ਦੀ ਹੜਤਾਲ ਖਤਮ ਕਰਵਾ ਦਿੱਤੀ ਹੈ । ਪਹਿਲੀ ਅਕਤੂਬਰ ਤੋਂ ਝੋਨੇ ਦੀ ਖਰੀਦ ਸ਼ੁਰੂ ਹੋਣੀ ਸੀ ਪਰ ਲੇਟ ਸ਼ੁਰੂ ਹੋਣ ਕਾਰਨ ਮੰਡੀਆਂ ਵਿਚ ਝੋਨੇ ਦੇ ਢੇਰ ਲਗਣੇ ਸ਼ੁਰੂ ਹੋ ਗਏ ਹਨ । ਉਧਰ ਮੌਸਮ ਦੇ ਬਦਲੇ ਮਿਜਾਜ਼ ਬਾਅਦ ਜਿੱਥੇ ਖੇਤਾਂ ਵਿਚ ਕਟਾਈ ਲਈ ਤਿਆਰ ਪੱਕੀ ਝੋਨੇ ਦੀ ਫਸਲ ਪ੍ਰਭਾਵਤ ਹੋਵੇਗੀ ਉੱਥੇ ਮੰਡੀਆਂ ਵਿਚ ਆ ਰਹੀ ਫਸਲ ਵੀ ਹਨੇਰੀ ਅਤੇ ਮੀਂਹ ਨਾਲ ਨੁਕਸਾਨੇ ਜਾਣ ਦਾ ਖਤਰਾ ਹੈ । ਸੂਬੇ 'ਚ ਪਿਛਲੇ ਦਿਨੀਂ ਤੇਜ਼ ਹਨੇਰੀ ਆਉਣ ਕਾਰਨ ਕਿਸਾਨਾਂ ਦੀ ਪੱਕੀ ਸੋਨੇ ਵਰਗੀ ਝੋਨੇ ਦੀ ਫਸਲ ਤੋਂ ਇਲਾਵਾ ਕਮਾਦ, ਪਸ਼ੂਆਂ ਦਾ ਚਾਰਾ ਖੇਤਾਂ ਵਿਚ ਲੰਮੇ ਪੈ ਗਏ । ਇਸ ਵੇਲੇ ਝੋਨੇ ਦੀ ਫਸਲ ਪੱਕੀ ਹੋਣ ਕਾਰਨ ਉੱਪਰਲਾ ਹਿੱਸਾ ਫਲ ਕਾਰਨ ਭਾਰੀ ਹੋ ਗਿਆ ਹੈ । ਇਸ ਲਈ ਥੋੜ੍ਹੀ ਜਿਹੀ ਹਵਾ ਨਾਲ ਹੀ ਫਸਲ ਟੇਢੀ ਹੋ ਜਾਂਦੀ ਹੈ । ਇਸ ਨਾਲ ਹੀ ਹਰਾ ਚਾਰਾ ਜਿਸ ਨੂੰ ਤਾਜ਼ਾ-ਤਾਜ਼ਾ ਪਾਣੀ ਲਗਿਆ ਹੋਇਆ ਸੀ, ਉਹ ਵੀ ਲੰਮਾ ਪੈ ਗਿਆ । ਇਸ ਤੋਂ ਇਲਾਵਾ ਤੇਜ਼ ਹਨੇਰੀ ਝੱਖੜ ਕਾਰਨ ਰਾਮ ਲੀਲਾ ਦੇ ਲਗਾਏ ਗਏ ਪੰਡਾਲ ਵੀ ਉੱਡ ਗਏ ।



ਪਾਤੜਾਂ ਵਿਖੇ ਮੀਂਹ ਅਤੇ ਝੱਖੜ ਦੌਰਾਨ ਮਜ਼ਦੂਰਾਂ ਦੀ ਮੱਦਦ ਨਾਲ ਫ਼ਸਲ ਬਚਾਉਣ ਦੀ ਕੋਸ਼ਿਸ਼ ਕਰਦਾ ਹੋਇਆ ਕਿਸਾਨ।

ਕਿਸਾਨਾਂ ਦਾ ਕਹਿਣਾ ਹੈ ਕਿ ਤੇਜ਼ ਹਨੇਰੀ ਅਤੇ ਬਾਰਸ਼ ਕਾਰਨ ਕਿਸਾਨਾਂ ਵੱਲੋਂ ਬਿਜਾਈ ਕੀਤੀ ਗਈ ਬਾਸਮਤੀ ਅਤੇ ਹੋਰ ਅਗੇਤੀਆਂ ਕਿਸਮਾਂ ਜੋ ਪੱਕ ਕੇ ਤਿਆਰ ਹੋ ਗਈਆਂ ਸਨ, ਨੁਕਸਾਨੀਆਂ ਗਈਆਂ ਹਨ । ਉਨ੍ਹਾਂ ਕਿਹਾ ਕਿ ਮੁੰਜਰਾਂ ਦੇ ਦਾਣੇ ਝੜ ਗਏ ਹਨ । ਕਿਸਾਨਾਂ ਨੇ ਕਿਹਾ ਕਿ ਇਸ ਵੇਲੇ ਕਈ ਸਬਜ਼ੀਆਂ ਦਾ ਝਾੜ ਵੀ ਸਿਖਰ 'ਤੇ ਹੈ, ਉਨ੍ਹਾਂ ਦਾ ਵੀ ਨੁਕਸਾਨ ਹੋਇਆ ਹੈ । ਮਿਲੀਆਂ ਖਬਰਾਂ ਅਨੁਸਾਰ ਕਈ ਥਾਵਾਂ 'ਤੇ ਲੋਕਾਂ ਦਾ ਝੋਨਾ ਵੀ ਮੰਡੀਆਂ ਵਿਚ ਭਿੱਜਿਆ ਹੈ । ਕਿਸਾਨ ਡਰੇ ਹੋਏ ਹਨ ਕਿ ਕਿਧਰੇ ਉਨ੍ਹਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਖਰਾਬ ਹੀ ਨਾ ਹੋ ਜਾਵੇ ।



ਕਿਸਾਨ ਵੀਰੋ !

## ਪਰਾਲੀ ਨਾ ਸਾੜੋ

- ★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ ।
- ★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ ।
- ★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ ।
- ★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ ।
- ★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ ।
- ★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਣਾਓ ।
- ★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ ।
- ★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ ।
- ★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ ।

**ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!**

**ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!**



# ਕੀ ਐੱਮ.ਐੱਸ.ਪੀ. ਦਾ ਲਾਭ ਸਾਰੇ ਕਿਸਾਨਾਂ ਨੂੰ ਨਹੀਂ ਮਿਲਦਾ?

ਜਦੋਂ ਵੀ ਕਿਤੇ ਕਿਸਾਨ ਸੰਗਠਨਾਂ ਨੇ ਐਮ ਐਸ ਪੀ ਦਾ ਮੁੱਦਾ ਚੁੱਕਿਆ ਹੈ ਸਾਡੇ ਕੁਝ ਅਰਥ ਸ਼ਾਸਤਰੀਆਂ ਨੇ ਕਿਸਾਨਾਂ ਦੇ ਉਲਟ ਭੁਗਤਣ ਤੋਂ ਗੁਰੇਜ਼ ਨਹੀਂ ਕੀਤਾ ਅਤੇ ਸੰਗਠਨਾਂ ਨੂੰ ਛੋਟੇ-ਵੱਡੇ ਕਿਸਾਨਾਂ ਵਿਚ ਵੰਡਣ ਦਾ ਯਤਨ ਕੀਤਾ ਹੈ । ਤਰਕ ਇਹ ਦਿੱਤਾ ਜਾਂਦਾ ਹੈ ਕਿ ਸੂਬੇ (ਪੰਜਾਬ) ਵਿਚ 86 ਫੀਸਦੀ ਕਿਸਾਨ ਬਹੁਤ ਛੋਟੇ ਹਨ, ਜਿਨ੍ਹਾਂ ਦਾ ਆਪਣਾ ਹੀ ਗੁਜ਼ਾਰਾ ਨਹੀਂ ਹੁੰਦਾ ਅਤੇ ਉਨ੍ਹਾਂ ਕੋਲ ਮੰਡੀ ਵਿਚ ਵੇਚਣ ਲਈ ਕੁਝ ਵੀ ਨਹੀਂ । ਇਸੇ ਤਰ੍ਹਾਂ ਸਬਸਿਡੀ ਦੀ ਗੱਲ ਆਉਂਦੀ ਹੈ ਤਾਂ ਉਦੋਂ ਵੀ ਇਹੋ ਤਰਕ ਦਿੱਤਾ ਜਾਂਦਾ ਹੈ ਕਿ ਸਬਸਿਡੀ ਤਾਂ ਵੱਡੇ ਕਿਸਾਨ ਹੀ ਖਾਈ ਜਾਂਦੇ ਹਨ, ਛੋਟਿਆਂ ਨੂੰ ਇਸ ਦਾ ਕੋਈ ਲਾਭ ਨਹੀਂ ਹੁੰਦਾ । ਸ਼ਹਿਰੀ ਅਰਥ ਸ਼ਾਸਤਰੀ ਜਿਨ੍ਹਾਂ ਨੂੰ ਪਿੰਡਾਂ ਵਿਚਲੀ ਅਸਲ ਸਥਿਤੀ ਦਾ ਪਤਾ ਨਹੀਂ ਹੁੰਦਾ ਉਨ੍ਹਾਂ ਨੇ ਤਾਂ ਕਾਰਪੋਰੇਟ ਅਤੇ ਸਰਕਾਰ ਦਾ ਪੱਖ ਪੂਰਨ ਲਈ ਇਹੋ ਜਿਹਾ ਪ੍ਰਚਾਰ ਕਰਨਾ ਹੀ ਹੈ, ਪਰ ਅਫਸੋਸ ਉਦੋਂ ਹੁੰਦਾ ਹੈ ਜਦੋਂ ਕਿਸਾਨ ਪਰਿਵਾਰਾਂ ਅਤੇ ਪਿੰਡਾਂ ਵਿਚੋਂ ਉੱਠ ਕੇ ਆਏ ਆਪਣੇ-ਆਪ ਨੂੰ ਕਿਸਾਨ ਹਿਤੈਸ਼ੀ ਕਹਾਉਣ ਵਾਲੇ ਅਰਥ ਸ਼ਾਸਤਰੀ ਵੀ ਇਹੋ ਜਿਹੀਆਂ ਹੈਰਾਨ ਕਰਨ ਵਾਲੀਆਂ ਗੱਲਾਂ ਕਰਦੇ ਹਨ ।

ਸਾਰਣੀ : ਜ਼ਮੀਨ ਅਨੁਸਾਰ ਜੋਤਾਂ (ਹੋਲਡਿੰਗ) ਦੀ ਵੰਡ

| ਰਕਬਾ (ਹੈਕਟੇਅਰ) | ਔਸਤ ਜ਼ਮੀਨ | ਕਿਸਾਨਾਂ ਦੀ ਗਿਣਤੀ | ਨੰਬਰ (ਪ੍ਰਤੀਸ਼ਤ) | ਕੁੱਲ ਜ਼ਮੀਨ (ਪ੍ਰਤੀਸ਼ਤ) |
|---|---|---|---|---|
| < 1.0 | 0.5 | 154412 | 14.14 | 2.0 |
| 1.0-2.0 | 1.5 | 207436 | 19.00 | 7.7 |
| 2.0-4.0 | 3.0 | 367938 | 33.70 | 27 |
| 4.0-10.0 | 7.0 | 305220 | 27.90 | 50 |
| > 10.0 | 12.0 | 57707 | 5.28 | 13.3 |
| | | 1091713 | 100.00 | 100 |

ਜਿੱਥੋਂ ਤੱਕ ਵੱਡੇ ਕਿਸਾਨਾਂ ਦੀ ਗੱਲ ਹੈ, ਕਾਨੂੰਨ ਦੇ ਹਿਸਾਬ ਨਾਲ ਪੰਜਾਬ ਵਿਚ ਕੋਈ ਵੱਡਾ ਕਿਸਾਨ ਹੈ ਹੀ ਨਹੀਂ, ਕਿਉਂਕਿ ਪੰਜਾਬ ਵਿਚ ਦੋ ਵਾਰ ਲੈਂਡ ਸੀਲਿੰਗ ਐਕਟ ਬਣਾਇਆ ਗਿਆ ਅਤੇ ਲਾਗੂ ਕੀਤਾ ਗਿਆ ਸੀ । ਪਹਿਲਾ ਲੈਂਡ ਸੀਲਿੰਗ ਐਕਟ ਸੰਨ 1953 ਵਿਚ ਬਣਾਇਆ ਗਿਆ, ਜਿਸ ਮੁਤਾਬਕ ਕੋਈ ਵੀ ਕਿਸਾਨ ਸਾਲ ਵਿਚ ਦੋ ਫਸਲਾਂ ਉਗਾਉਣ ਵਾਲੀ ਜ਼ਮੀਨ 12 ਹੈਕਟੇਅਰ (ਕਰੀਬ 2.47 ਏਕੜ) ਤੋਂ ਵੱਧ ਨਹੀਂ ਸੀ ਰੱਖ ਸਕਦਾ । ਫਿਰ ਜਦੋਂ 1965-66 ਵਿਚ ਪੰਜਾਬ ਵਿਚ ਹਰੀ ਕ੍ਰਾਂਤੀ ਨੇ ਜਨਮ ਲਿਆ ਅਤੇ ਜਵਾਨੀ ਵੱਲ ਵਧਣ ਲੱਗੀ ਤਾਂ 1972 ਵਿਚ ਇਕ ਕਾਨੂੰਨ ਲਿਆਂਦਾ ਗਿਆ, ਜਿਸ ਮੁਤਾਬਕ ਜ਼ਮੀਨ ਦੀ ਹੱਦ 12 ਹੈਕਟੇਅਰ ਤੋਂ ਘਟਾ ਕੇ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000

7 ਹੈਕਟੇਅਰ ਪ੍ਰਤੀ ਪਰਿਵਾਰ ਮਿੱਥ ਦਿੱਤੀ ਗਈ । ਅੱਜ ਉਹ ਕਾਨੂੰਨ ਲਾਗੂ ਹੋਏ ਨੂੰ 51 ਸਾਲ ਹੋ ਗਏ ਹਨ, ਭਾਵ ਦੋ ਪੀੜ੍ਹੀਆਂ ਲੰਘ ਗਈਆਂ ਹਨ । ਇਹੋ ਜਿਹੇ ਹਾਲਾਤ ਵਿਚ ਵੱਡੇ ਕਿਸਾਨ ਕਿੰਨੇ ਅਤੇ ਕਿੱਥੇ ਰਹਿ ਗਏ ? ਜਿਹੜੇ ਨਜ਼ਰ ਆਉਂਦੇ ਹਨ ਉਹ ਕਿਸਾਨ ਨਹੀਂ ਸਿਆਸਤਦਾਨ ਅਤੇ ਕਾਰੋਬਾਰੀ ਹਨ ।

ਹੁਣ ਗੱਲ ਕਰ ਕਰਦੇ ਹਾਂ ਛੋਟੇ-ਵੱਡੇ ਕਿਸਾਨਾਂ ਦੀ, ਉਹ ਕਿਹੜੇ ਅੰਕੜਿਆਂ ਅਨੁਸਾਰ ਵੰਡੇ ਜਾਂਦੇ ਹਨ । 1.0 ਹੈਕਟੇਅਰ ਤੋਂ ਘੱਟ ਬਹੁਤ ਛੋਟਾ ਜੋ ਕਿਸਾਨ ਹਾਸ਼ੀਏ 'ਤੇ ਹੈ । ਇਕ ਤੋਂ 2 ਹੈਕਟੇਅਰ ਵਾਲੇ ਛੋਟਾ ਕਿਸਾਨ, 2-4 ਹੈਕ: ਛੋਟਾ ਮੱਧ ਵਰਗ, 4 ਤੋਂ 10 ਹੈਕ: ਮੱਧ ਵਰਗ ਅਤੇ 10 ਹੈਕਟੇਅਰ ਤੋਂ ਵੱਧ ਵਾਲਾ ਵੱਡਾ ਕਿਸਾਨ । ਇਹ ਵੰਡ ਪ੍ਰਤੀ ਜੋਤਾਂ ਦੀ ਹੈ ਭਾਵ ਤਕਰੀਬਨ ਐਨੇ ਪਰਿਵਾਰ ਸਾਂਝੀ ਵਾਹੀ ਕਰਦੇ ਹਨ । ਇਕ ਫਾਰਮ ਦੇ ਕਈ ਹਿੱਸੇਦਾਰ ਵੀ ਹੋ ਸਕਦੇ ਹਨ । ਮੇਰਾ ਕਹਿਣ ਦਾ ਭਾਵ ਹੈ, ਜਿਹੜਾ 10 ਹੈਕਟੇਅਰ ਤੋਂ ਵੱਧ ਵਾਲਾ ਫਾਰਮ ਹੈ ਉਸ ਦੇ ਹਿੱਸੇਦਾਰ ਇਕ ਤੋਂ ਵੱਧ ਵੀ ਹੋ ਸਕਦੇ ਹਨ । ਹੁਣ ਗੱਲ ਆਉਂਦੀ ਹੈ ਉਪਰੋਕਤ ਵੰਡ ਦੇ ਹਿਸਾਬ ਨਾਲ ਕਿੰਨੇ ਪ੍ਰਤੀਸ਼ਤ ਕਿਸਾਨ ਕਿਸ ਸ਼੍ਰੇਣੀ ਵਿਚ ਆਉਂਦੇ ਹਨ ਅਤੇ ਉਸ ਸ਼੍ਰੇਣੀ ਵਿਚ ਕਿੰਨੇ ਪ੍ਰਤੀਸ਼ਤ ਜ਼ਮੀਨ ਆਉਂਦੀ ਹੈ ।

ਸਾਰਣੀ ਵਿਚ ਜੋ ਅੰਕੜੇ ਦਿੱਤੇ ਗਏ ਹਨ, ਉਨ੍ਹਾਂ ਮੁਤਾਬਕ ਇਕ ਲੱਖ ਚਰਵੰਜਾ ਹਜ਼ਾਰ ਕਿਸਾਨ ਉਹ ਹਨ, ਜਿਨ੍ਹਾਂ ਕੋਲ ਜ਼ਮੀਨ ਢਾਈ ਏਕੜ ਤੋਂ ਘੱਟ ਜ਼ਮੀਨ ਹੈ, ਜੋ ਹਰੇਕ ਕਿਸਾਨ ਹਿੱਸੇ ਔਸਤ ਸਵਾ ਏਕੜ ਆਉਂਦੀ ਹੈ । ਆਪਾਂ ਇਹ ਮੰਨ ਸਕਦੇ ਹਾਂ ਕਿ ਇਹ ਕਿਸਾਨ ਜੋ ਵੀ ਬੀਜਦਾ ਹੈ ਉਹ ਉਪਜ ਘਰ ਵਿਚ ਹੀ ਖਪਤ ਹੋ ਜਾਂਦੀ ਹੈ ਪਰ ਅਕਸਰ ਅਮਲੀ ਤੌਰ 'ਤੇ ਇਸ ਤਰ੍ਹਾਂ ਨਹੀਂ ਹੁੰਦਾ । ਕਿਸਾਨ ਆਪਣੀ ਆਮਦਨ ਵਧਾਉਣ ਲਈ ਜਾਂ ਡੇਅਰੀ ਦਾ ਧੰਦਾ ਸ਼ੁਰੂ ਕਰੇਗਾ ਜਾਂ ਸਬਜ਼ੀਆਂ ਬੀਜੇਗਾ, ਦੋਵੇਂ ਪਾਸੇ ਹੀ ਉਸ ਨੂੰ ਘਰੇਲੂ ਜ਼ਰੂਰਤਾਂ ਪੂਰੀਆਂ ਕਰਨ ਲਈ ਮੰਡੀ ਵਿਚ ਕੁਝ ਨਾ ਕੁਝ ਵੇਚਣਾ ਹੀ ਪੈਣਾ ਹੈ, ਭਾਵੇਂ ਦੁੱਧ ਵੇਚੇ ਭਾਵੇਂ ਸਬਜ਼ੀ/ਸ਼ਹਿਦ ਆਦਿ । ਹਰ ਵਸਤੂ ਲਈ ਵਾਜਬ ਭਾਅ ਮਿਲਣਾ ਚਾਹੀਦਾ ਹੈ, ਜਿਸ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਸ. ਐਸ. ਪੀ) ਕਹਿੰਦੇ ਹਨ । ਪੰਜਾਬ ਵਿਚ ਤਕਰੀਬਨ 74 ਲੱਖ ਬਿਜਲੀ ਦੇ ਕੁਨੈਕਸ਼ਨ ਹਨ ਅਤੇ 40.68 ਲੱਖ ਪਰਿਵਾਰਾਂ ਨੂੰ ਸਸਤਾ/ਮੁਫਤ ਰਾਸ਼ਨ ਮਿਲਦਾ ਹੈ, ਜਿਸ ਵਿਚ ਉਪਰੋਕਤ ਪਰਿਵਾਰ ਵੀ ਸ਼ਾਮਿਲ ਹਨ । ਜੇ ਖਾਣ ਨੂੰ ਅਨਾਜ ਮੁਫਤ ਤੇ ਸਸਤਾ ਮਿਲ ਗਿਆ, ਤਾਂ ਜੋ ਖੇਤ ਵਿਚੋਂ ਪੈਦਾ ਕੀਤਾ, ਉਸ ਦਾ ਬਹੁਤ ਹਿੱਸਾ ਮੰਡੀ ਵਿਚ ਹੀ ਵੇਚਿਆ ਜਾਵੇਗਾ ।

ਇਸ ਤੋਂ ਉੱਪਰ 2,70,000 ਪਰਿਵਾਰ ਇਹੋ ਜਿਹੇ ਹਨ, ਜਿਹੜੇ 2.5 ਏਕੜ ਤੋਂ 5 ਏਕੜ ਤੱਕ ਜ਼ਮੀਨ ਦੀ ਵਾਹੀ ਕਰਦੇ ਹਨ । ਇਨ੍ਹਾਂ ਵਿਚੋਂ ਹੀ ਕੁਝ ਪਰਿਵਾਰ ਇਹੋ ਜਿਹੇ ਹਨ ਜਿਹੜੇ ਕੁਝ ਜ਼ਮੀਨ ਹਿੱਸੇ-ਠੇਕੇ ਤੋਂ ਲੈ ਕੇ ਵਾਹੁੰਦੇ ਹਨ । ਇਨ੍ਹਾਂ ਵਿਚੋਂ ਬਹੁਤਿਆਂ ਕੋਲ ਮੰਡੀ ਵਿਚ ਵੇਚਣ ਲਈ ਕਣਕ-ਝੋਨਾ ਵੀ ਹੈ, ਜਿਸ ਦਾ ਪ੍ਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਕੇਂਦਰ ਸਰਕਾਰ ਦੀ ਕਿਸਾਨ ਸਨਮਾਨ ਨਿੱਧੀ ਸਕੀਮ, ਜਿਸ ਤਹਿਤ ਹਰ ਚਾਰ ਮਹੀਨੇ ਬਾਅਦ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਦੇ ਖਾਤੇ ਵਿਚ 2000 ਰੁਪਏ ਪਾਏ ਜਾਂਦੇ ਹਨ । ਜਿਹੜੀ ਪਹਿਲੀ ਕਿਸ਼ਤ ਪੰਜਾਬ ਵਿਚ ਦਿੱਤੀ ਗਈ ਸੀ ਉਹ 17.07 ਲੱਖ ਕਿਸਾਨਾਂ ਨੂੰ ਦਿੱਤੀ ਗਈ, ਜਿਸ ਦਾ ਮਤਲਬ ਇਹ ਹੋਇਆ ਕਿ ਪੰਜਾਬ ਵਿਚ 17.07 ਲੱਖ ਵਿਅਕਤੀਆਂ ਕੋਲ ਪੰਜ ਏਕੜ ਜਾਂ ਉਸ ਤੋਂ ਘੱਟ ਜ਼ਮੀਨ ਹੈ । ਜਦੋਂ ਤੋਂ ਸਰਕਾਰੀ ਖਰੀਦ ਦੀ ਅਦਾਇਗੀ ਕਿਸਾਨ ਦੇ ਖਾਤੇ ਵਿਚ ਸਿੱਧੀ ਜਾਣੀ ਸ਼ੁਰੂ ਹੋਈ ਹੈ, ਉਦੋਂ ਤੋਂ ਇਹ ਸੰਖਿਆ ਘੱਟ ਕੇ 9.33 ਲੱਖ ਰਹਿ ਗਈ ।

ਇਸ ਤੋਂ ਅੱਗੇ 3,67,938 (33.7%) ਪਰਿਵਾਰ 2-4 ਹੈਕਟੇਅਰ ਭਾਵ 5 ਤੋਂ 10 ਏਕੜ ਵਿਚਕਾਰ ਆਉਂਦੇ ਹਨ, ਜਦਕਿ 28 ਪ੍ਰਤੀਸ਼ਤ 4-10 ਹੈਕਟੇਅਰ ਭਾਵ 10 ਤੋਂ 25 ਏਕੜ ਅਤੇ 5.3 ਫੀਸਦੀ 10 ਹੈਕਟੇਅਰ ਭਾਵ 25 ਏਕੜ ਤੋਂ ਉੱਪਰ ਵਾਲੇ ਹਨ । ਪੰਜਾਬ ਵਿਚ ਮਾਲ ਵਿਭਾਗ ਦੇ ਰਿਕਾਰਡ ਵਿਚ ਕੁੱਲ ਕਿੰਨੇ ਕਿਸਾਨ ਹਨ, ਇਸ ਦਾ ਕੋਈ ਅੰਕੜਾ ਸਰਕਾਰ ਦੀ ਕਿਸੇ ਸਾਈਟ ਤੋਂ ਨਹੀਂ ਮਿਲ ਰਿਹਾ, ਕਿਉਂਕਿ 5 ਏਕੜ ਤੋਂ ਹੇਠਾਂ ਵਾਲੇ ਕਿਸਾਨ 17 ਲੱਖ ਹਨ, ਜਦਕਿ 2 ਹੈਕਟੇਅਰ ਤੋਂ ਘੱਟ ਵਾਲੇ ਖੇਤੀ ਪਰਿਵਾਰਾਂ (ਜੋਤਾਂ) ਦੀ ਗਿਣਤੀ 3.88 ਲੱਖ ਬਣਦੀ ਹੈ, ਇਸ ਦਾ ਮਤਲਬ ਕੁੱਲ ਕਿਸਾਨਾਂ ਦੀ ਗਿਣਤੀ ਘੱਟੋ-ਘੱਟ 22 ਲੱਖ ਤੋਂ ਵਧ ਹੋਵੇਗੀ (10.91 ਲੱਖ ਜੋਤਾਂ) । ਉਧਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸਾਲ 2000 ਦੇ ਆਸ-ਪਾਸ ਇਕ ਅੰਕੜਾ ਦਿੱਤਾ ਸੀ ਕਿ 4 ਹੈਕਟੇਅਰ ਜ਼ਮੀਨ ਵਿਚੋਂ ਆਮਦਨ ਸਰਕਾਰ ਦੇ ਦਰਜਾ ਚਾਰ ਮੁਲਾਜ਼ਮ ਦੀ ਤਨਖਾਹ ਦੇ ਬਰਾਬਰ ਹੀ ਨਿਕਲਦੀ, ਹੈ ਭਾਵ ਜਿਹੜੇ ਪਰਿਵਾਰ/ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ ਉਨ੍ਹਾਂ ਦੀ ਆਮਦਨ ਦਰਜਾ ਚਾਰ ਮੁਲਾਜ਼ਮ ਦੀ ਸਾਲਾਨਾ ਤਨਖਾਹ ਤੋਂ ਘੱਟ ਹੈ । ਇਸ ਦਾ ਮਤਲਬ ਸਾਡੇ 67 ਫੀਸਦੀ ਕਿਸਾਨਾਂ ਦੀ ਆਮਦਨ ਖੇਤੀ ਵਿਚੋਂ ਦਰਜਾ ਚਾਰ ਕਰਮਚਾਰੀਆਂ ਦੇ ਬਰਾਬਰ ਜਾਂ ਉਨ੍ਹਾਂ ਨਾਲੋਂ ਵੀ ਘੱਟ ਹੈ ।

**ਮੁੱਦੇ ਦੀ ਗੱਲ** : ਹੁਣ ਗੱਲ ਕਰਦੇ ਹਾਂ ਅਸਲੀ ਮੁੱਦੇ ਦੀ ਕਿ ਛੋਟੇ ਕਿਸਾਨਾਂ ਕੋਲ ਵੇਚਣ ਨੂੰ ਕੁਝ ਨਹੀਂ ਇਸ ਲਈ ਉਨ੍ਹਾਂ ਨੂੰ ਐਮ ਐਸ ਪੀ ਦਾ ਕੋਈ ਫਾਇਦਾ ਨਹੀਂ ਪਰ ਜਿਸ ਤਰ੍ਹਾਂ ਅਸੀਂ ਉੱਪਰ ਵੇਖਿਆ ਹੈ ਕਿ ਸਿਰਫ 14% ਕਿਸਾਨ (ਇਕ ਹੈਕਟੇਅਰ ਤੋਂ ਘੱਟ) ਹੀ ਹਨ ਜਿਹੜੇ ਕਣਕ, ਝੋਨਾ ਨਾ ਬੀਜਦੇ ਹੋਣ । ਇਹ ਹੀ ਦੋ ਮੁੱਖ ਫਸਲਾਂ ਹਨ ਜਿਹੜੀਆਂ ਐਮ ਐਸ ਪੀ ਤੇ ਸਰਕਾਰ ਖਰੀਦਦੀ ਹੈ । 86 ਪ੍ਰਤੀਸ਼ਤ ਕਿਸਾਨ ਇਹ ਦੋਵੇਂ ਮੁੱਖ ਫਸਲਾਂ ਬੀਜਦੇ ਅਤੇ ਵੇਚਦੇ ਹਨ, ਕਿਉਂਕਿ ਰਾਜ ਦੀ ਕੁੱਲ ਪੈਦਾਵਾਰ ਦਾ 81 ਫੀਸਦੀ ਕਣਕ ਅਤੇ 94 ਫੀਸਦੀ ਝੋਨਾ ਮੰਡੀਆ ਵਿਚ ਵਿਕਦਾ ਹੈ । ਇਸ ਲਈ ਕਿਸਾਨਾਂ ਸੰਬੰਧੀ ਇਹ ਭਰਮ ਜਾਣ-ਬੁੱਝ ਕੇ ਪੈਦਾ ਕੀਤਾ ਜਾ ਰਿਹਾ ਹੈ ਕਿ ਐਮ ਐਸ ਪੀ ਦਾ ਸਿਰਫ ਵੱਡੇ ਕਿਸਾਨਾਂ ਨੂੰ ਹੀ ਫਾਇਦਾ ਨਹੀਂ । ਲਾਭ ਜ਼ਮੀਨ ਅਤੇ ਪੈਦਾਵਾਰ ਦੇ ਹਿਸਾਬ ਨਾਲ ਹੋਣਾ ਹੈ, ਜੇ ਛੋਟੇ ਕਿਸਾਨ ਨੂੰ ਫਾਇਦਾ ਘੱਟ ਹੈ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਲਿਆ ਜਾਣਾ ਚਾਹੀਦਾ ਕਿ ਐਮ ਐਸ ਪੀ ਨਾ ਦਿੱਤੀ ਜਾਵੇ । ਉਦਾਹਰਣ ਦੇ ਤੌਰ 'ਤੇ ਪੰਜਾਬ ਵਿਚ ਕਣਕ ਦਾ ਔਸਤ ਝਾੜ 20 ਕੁਇੰਟਲ ਪ੍ਰਤੀ ਏਕੜ ਹੈ ਅਤੇ 2275 ਰੁਪਏ ਦੇ ਹਿਸਾਬ ਨਾਲ ਇਕ ਏਕੜ ਦੀ ਕਣਕ 45500 ਦੀ ਵਿਕੀ ਜੇ ਇਹੋ ਐਮ ਐਸ ਪੀ (CB+FL) ਨਾਲ ਭਾਅ ਹੁੰਦਾ ਤਾਂ ਤਕਰੀਬਨ 60,000 ਦੀ ਵਿਕਰੀ ਮਤਲਬ ਕਿਸਾਨਾਂ ਨੂੰ 14,500 ਰੁਪਏ ਵੱਧ ਮਿਲਦੇ, ਜਿਸ ਨਾਲ ਉਸ ਦੀਆਂ ਕਈ ਗਰਜਾਂ ਪੂਰੀਆਂ ਹੋਣੀਆਂ ਸਨ, ਜੇ ਉਹ ਇਹੋ ਸੋਚੀ ਜਾਵੇ ਗੁਆਂਢੀ ਨੇ ਤਾਂ 100 ਕੁਇੰਟਲ ਵੇਚਣੀ ਹੈ, ਇਸ ਹਿਸਾਬ ਨਾਲ ਉਸ ਨੂੰ 72,500 ਰੁਪਏ ਦਾ ਫਾਇਦਾ ਹੋ ਜਾਊ, ਇਸ ਕਰਕੇ ਭਾਅ ਵੱਧ ਨਹੀਂ ਮਿਲਦਾ ਚਾਹੀਦਾ । ਆਪਣੀ ਸਮਰੱਥਾ ਅਨੁਸਾਰ ਹਰ ਇਕ ਨੂੰ ਫਾਇਦਾ ਹੋਵੇਗਾ । ਕਿਸਾਨ ਦੀ ਜੇਬ ਵਿਚ ਪੈਦਾ ਆਉਣ ਨਾਲ ਹਰ ਪੰਜਾਬੀ ਨੂੰ ਫਾਇਦਾ ਹੋਵੇਗਾ । ਕਿਸਾਨ ਨੇ ਪੈਸੇ ਇਥੋਂ ਬਾਹਰ ਨਹੀਂ ਲੈ ਕੇ ਜਾਣੇ, ਉਸ ਨੇ ਇਥੇ ਹੀ ਆਪਣੀ ਜ਼ਰੂਰਤ ਦੀਆਂ ਚੀਜ਼ਾਂ ਲੈਣੀਆਂ ਹਨ । ਕਿਸਾਨ ਨੂੰ ਵੱਧ ਪੈਸੇ ਮਿਲਣਗੇ ਤਾਂ ਮਜ਼ਦੂਰਾਂ ਨੂੰ ਵੱਧ ਮਿਲਣਗੇ, ਵਪਾਰ ਵਧੇਗਾ । ਵਪਾਰ ਵਧੇਗਾ ਤਾਂ ਸਨਅਤ ਵਧੇਗੀ । ਸਰਕਾਰ ਨੂੰ ਟੈਕਸ ਵੱਧ ਮਿਲੇਗਾ, ਜਿਸ ਨਾਲ ਉਹ ਮੁਲਾਜ਼ਮ ਭਰਤੀ ਕਰ ਸਕੇਗੀ ਜਾਂ ਲੋਕਾਂ ਲਈ ਸਹੂਲਤਾਂ ਮੁਹੱਈਆ ਕਰਵਾ ਸਕੇਗੀ । ਪੈਸੇ ਨਾਲ ਹੀ ਦੁਨੀਆਂ ਚੱਲਦੀ ਹੈ, ਜੇ ਬਾਕੀ ਸਰਿਆਂ ਨੂੰ ਪੈਸਾ ਚਾਹੀਦਾ ਹੈ ਤਾਂ ਥੋੜਾ ਕਿਸਾਨਾਂ ਨੂੰ ਵੀ ਦੇ ਦਿਓ । ਇਨ੍ਹਾਂ ਦੀ ਉਪਜ ਨੂੰ ਵੀ ''ਪਰਾਈਸ ਇੰਡੈਕਸ'' ਨਾਲ ਜੋੜ ਦਿਓ । ਕੋਈ ਸਾਲ ਮਿੱਥ ਲਓ, 1980 ਲੈ ਲਓ 2000 ਲੈ ਲਓ । ਮੈਂ ਇਕ ਵਾਰ ਫਿਰ ਪੰਜਾਬ ਦੇ ਅਰਥ ਸ਼ਾਸਤਰੀਆਂ ਨੂੰ ਬੇਨਤੀ ਕਰਦਾ ਹਾਂ ਕਿ ਸਭ ਤੋਂ ਔਖਾ ਕੰਮ ਕਰਨ ਵਾਲੇ ਭਰਾਵਾਂ ਦੀ ਜਿੰਨੀ ਮਦਦ ਹੋ ਸਕਦੀ ਹੈ ਕਰੋ । ਮੇਰੀ ਕਿਸਾਨ ਯੂਨੀਅਨਾਂ ਨੂੰ ਵੀ ਬੇਨਤੀ ਹੈ ਕਿ ਜੋ ਮੁੱਦਾ ਉਠਾਉਣਾ ਹੈ ਸਾਰੇ ਇਕੱਠੇ ਹੋ ਕੇ ਸਲਾਹ ਨਾਲ ਚੁੱਕੋ ਇਕੱਲੇ-ਇਕੱਲੇ ਰਹਿ ਕੇ ਮਸਲੇ ਹੱਲ ਨਹੀਂ ਹੋਣੇ ।



# ਨਵੀਂ ਖੇਤੀ ਨੀਤੀ ਅਤੇ ਉਸ ਨੂੰ ਲਾਗੂ ਕਰਨਾ





ਡਾ. ਰਣਜੀਤ ਸਿੰਘ

ਦੋ ਸਾਲਾਂ ਦੀ ਮਿਹਨਤ ਪਿੱਛੋਂ ਪੰਜਾਬ ਲਈ ਨਵੀਂ ਖੇਤੀ ਨੀਤੀ ਤਿਆਰ ਹੋ ਗਈ ਹੈ । ਕਮੇਟੀ ਨੇ ਬਹੁਤ ਮਿਹਨਤ ਨਾਲ ਪੰਜਾਬ ਦੀ ਖੇਤੀ ਦੇ ਸਾਰੇ ਪੱਖਾਂ ਨੂੰ ਵਿਚਾਰਿਆ ਹੈ ਅਤੇ ਢੁਕਵੇਂ ਸੁਝਾਅ ਦਿੱਤੇ ਹਨ । ਕਿਸਾਨ ਕਮਿਸ਼ਨ ਦੇ ਚੇਅਰਮੈਨ ਇਕ ਮਿਹਨਤੀ ਤੇ ਸੂਝਵਾਨ ਅਰਥ ਸ਼ਾਸ਼ਤਰੀ ਹਨ ਇਸ ਵਿਚ ਕੋਈ ਸ਼ੱਕ ਨਹੀਂ ਕਿ ਕਮੇਟੀ ਨੇ ਬਹੁਤ ਮਿਹਨਤ ਕੀਤੀ ਹੈ ਪਰ ਨਿਬੇੜੇ ਤਾਂ ਅਮਲਾਂ ਉੱਤੇ ਹੀ ਹੋਣੇ ਹਨ । ਇਸ ਤੋਂ ਪਹਿਲਾਂ ਵੀ ਡਾ. ਕਾਲਕਟ ਅਤੇ ਮਿਸਟਰ ਜਾਖੜ ਵੱਲੋਂ ਵੀ ਮਿਹਨਤ ਕਰਕੇ ਅਜੇਹੀਆਂ ਹੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ ਸਨ । ਡਾ. ਜੌਹਲ ਦੀ ਅਗਵਾਈ ਹੇਠ ਕਮੇਟੀ ਨੇ ਵੀ ਇਸੇ ਤਰ੍ਹਾਂ ਦੀਆਂ ਰਿਪੋਰਟਾਂ ਤਿਆਰ ਕੀਤੀਆਂ ਸਨ । ਪਰ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਕਿਸੇ ਵੀ ਸਰਕਾਰ ਵਲੋਂ ਕੀਤੀਆਂ ਸਿਫਾਰਸ਼ਾਂ ਉੱਤੇ ਅਮਲ ਕਰਨ ਦਾ ਯਤਨ ਨਹੀਂ ਕੀਤਾ ਗਿਆ । ਕੇਵਲ ਬਾਦਲ ਸਰਕਾਰ ਨੇ ਡਾ. ਕਾਲਕਟ ਦੀ ਇਕ ਸਿਫਾਰਸ਼ ਮੰਨਦਿਆਂ ਹੋਇਆਂ ਅਗੇਤਾ ਝੋਨਾ ਲਗਾਉਣ ਉੱਤੇ ਪਾਬੰਦੀ ਲਗਾਉਣ ਸਬੰਧੀ ਬਿਲ ਪਾਸ ਕੀਤਾ ਸੀ ਅਤੇ ਅਮਲ ਵੀ ਹੋਇਆ ਸੀ । ਸਰਕਾਰਾਂ ਦੀਆਂ ਵੀ ਕੁਝ ਮਜ਼ਬੂਰੀਆਂ ਹਨ । ਸਮੇਂ ਅਤੇ ਪੈਸੇ ਦੀ ਘਾਟ ਮੁੱਖ ਅੜਿਕੇ ਮੰਨੇ ਜਾ ਸਕਦੇ ਹਨ । ਰਾਜ ਸਰਕਾਰਾਂ ਨੂੰ ਮਾਇਕ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਜ਼ਰੂਰੀ ਖਰਚਿਆਂ ਲਈ ਵੀ ਕਰਜ਼ੇ ਦਾ ਸਹਾਰਾ ਲੈਣਾ ਪੈਂਦਾ ਹੈ । ਨਿੱਤ ਹੋਣ ਵਾਲੀਆਂ ਚੋਣਾਂ ਨੇ ਆਗੂਆਂ ਦੇ ਰਾਜਸੀ ਰੁਝੇਵੇਂ ਇਤਨੇ ਵਧਾ ਦਿੱਤੇ ਹਨ ਕਿ ਗੰਭੀਰ ਮਸਲਿਆਂ ਬਾਰੇ ਵਿਚਾਰਨ ਦਾ ਸਮਾਂ ਹੀ ਨਹੀਂ ਮਿਲਦਾ । ਭਾਵੇਂ ਕਈ ਸਕੀਮਾਂ ਬਣਾਈਆਂ ਜਾਂਦੀਆਂ ਹਨ ਪਰ ਕੇਂਦਰ ਸਰਕਾਰ ਹੀ ਨਹੀਂ ਚਾਹੁੰਦੀ ਕਿ ਕਣਕ ਝੋਨੇ ਦੀ ਪੈਦਾਵਾਰ ਵਿਚ ਕਮੀ ਆਵੇ ਕਿਉਂਕਿ ਆਬਾਦੀ ਵਿਚ ਹੋ ਰਹੇ ਵਾਧੇ ਕਾਰਨ ਕਿਉਂਕਿ ਆਬਾਦੀ ਵਿਚ ਹੋ ਰਹੇ ਵਾਧੇ ਕਾਰਨ ਸਾਰੇ ਲੋਕਾਂ ਦਾ ਢਿੱਡ ਭਰਨਾ ਜ਼ਰੂਰੀ ਹੋ ਜਾਂਦਾ ਹੈ ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਰੀਆਂ ਸਿਫਾਰਸ਼ਾਂ ਉੱਤੇ ਅਮਲ ਕਰਨ ਸਰਕਾਰ ਲਈ ਔਖਾ ਹੈ ਪਰ ਜਿਹੜੀਆਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਇਸ ਸਮੇਂ ਪੰਜਾਬ ਦੀ ਖੇਤੀ ਕਰ ਰਹੀ ਹੈ । ਉਨ੍ਹਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ । ਇਸ ਸਮੇਂ ਪੰਜਾਬ ਦੇ ਸਾਹਮਣੇ ਧਰਤੀ ਹੇਠਲਾ ਘਟ ਰਿਹਾ ਪਾਣੀ, ਫਸਲ ਦੇ ਨਾੜ ਨੂੰ ਅੱਗ ਲਗਾਉਣਾ, ਫਸਲੀ



ਵਿਭਿੰਨਤਾ ਦਾ ਕਾਮਯਾਬ ਨਾ ਹੋਣਾ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਵਾਜਬ ਮੁੱਲ ਨਾ ਮਿਲਣਾ ਖੇਤੀ ਦੀਆਂ ਮੁੱਖ ਸਮੱਸਿਆਵਾਂ ਹਨ । ਇਨ੍ਹਾਂ ਵੱਲ ਫੌਰੀ ਧਿਆਨ ਦੇਣ ਦੀ ਲੋੜ ਹੈ । ਨਵੀਂ ਨੀਤੀ ਬਹੁਤ ਹੀ ਮਿਹਨਤ ਨਾਲ ਤਿਆਰ ਕੀਤੀ ਗਈ ਹੈ । ਪਰ ਸਾਡੇ ਰਾਜ ਪ੍ਰਬੰਧ ਅਨੁਸਾਰ ਕਿਸੇ ਸਰਕਾਰ ਕੋਲ ਨਾ ਤਾਂ ਸਮਾਂ ਹੁੰਦਾ ਹੈ ਅਤੇ ਨਾ ਹੀ ਵਸੀਲੇ ਹੁੰਦੇ ਹਨ । ਇਸੇ ਕਰਕੇ ਇਹ ਰਿਪੋਰਟਾਂ ਫਾਈਲਾਂ ਦਾ ਹੀ ਸ਼ਿੰਗਾਰ ਬਣ ਕੇ ਰਹਿ ਜਾਂਦੀਆਂ ਹਨ । ਸਰਕਾਰ ਜੇਕਰ ਕੁਝ ਕਰਦੀ ਵੀ ਹੈ ਤਾਂ ਉਹ ਚੋਣ ਸਮੇਂ ਦਿੱਤੀਆਂ ਗਰੰਟੀਆਂ ਨੂੰ ਹੀ ਪੂਰਾ ਕਰਨ ਦਾ ਯਤਨ ਕਰਦੀ ਹੈ ।

ਜਿਵੇਂ ਉੱਪਰ ਲਿਖਿਆ ਹੈ, ਪੰਜਾਬ ਦੀਆਂ ਗੰਭੀਰ ਸਮੱਸਿਆਵਾਂ ਵੱਲ ਫੌਰੀ ਧਿਆਨ ਦੇਣ ਦੀ ਲੋੜ ਹੈ । ਜੇਕਰ ਸਮੇਂ ਸਿਰ ਇਸ ਪਾਸੇ ਕਦਮ ਨਾ ਪੁੱਟੇ ਗਏ ਤਾਂ ਗੰਭੀਰ ਮਸਲਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਸਭ ਤੋਂ ਪਹਿਲਾਂ ਫਸਲਾਂ ਦੇ ਨਾੜ ਦੀ ਸੰਭਾਲ ਬਾਰੇ ਚਰਚਾ ਕਰਦੇ ਹਨ । ਇਸ ਦੇ ਦੋ ਹੀ ਹੱਲ ਹਨ, ਪਹਿਲਾ ਇਹ ਕਿ ਇਸ ਨੂੰ ਖੇਤ ਵਿੱਚ ਹੀ ਵਾਹ ਦਿੱਤਾ ਜਾਵੇ ਅਤੇ ਦੂਸਰਾ ਇਹ ਕਿ ਇਸ ਦੀ ਸਨਅੱਤੀ ਵਰਤੋਂ ਲਈ ਯਤਨ ਕੀਤੇ ਜਾਣ । ਖੇਤ ਵਿਚ ਵਾਹੁਣ ਨਾਲ ਧਰਤੀ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ ਅਤੇ ਜਿਸ ਨਾਲ ਰਸਾਇਣਕ ਖਾਦਾਂ ਦੀ ਵਰਤੋਂ ਘੱਟ ਜਾਂਦੀ ਹੈ । ਇਸ ਨਾਲ ਨਦੀਨਾਂ ਦੀ ਵੀ ਰੋਕਥਾਮ ਹੁੰਦੀ ਹੈ । ਪਰ ਇਸ ਕੰਮ ਲਈ ਜਿਹੜੀਆਂ ਮਸ਼ੀਨਾਂ ਹੁਣ ਮਿਲ ਰਹੀਆਂ ਹਨ ਉਹ ਮਹਿੰਗੀਆਂ ਹਨ । ਆਮ ਕਿਸਾਨ ਲਈ ਇਨ੍ਹਾਂ ਦੀ ਵਰਤੋਂ ਸਾਲ ਵਿਚ ਮਸਾਂ ਦਸ ਕੁ ਦਿਨ ਹੀ ਹੋਣੀ ਹੈ । ਇਸੇ ਕਰਕੇ ਰਿਆਇਤੀ ਦਰਾਂ ਉੱਤੇ ਮਿਲ ਰਹੀਆਂ ਸਕੀਮਾਂ ਵੀ ਕਿਸਾਨ ਨਹੀਂ ਖਰੀਦ ਰਹੇ । ਦੂਜੇ ਇਨ੍ਹਾਂ ਨੂੰ ਚਲਾਉਣ ਲਈ ਵੱਡੇ ਟਰੈਕਟਰ ਚਾਹੀਦੇ ਹਨ । ਕੁਝ ਕਿਸਾਨਾਂ ਨੇ ਤਵੀਆਂ ਵਾਲੇ ਹਲ ਨਾਲ ਇਸ ਨੂੰ ਖੇਤ ਵਿਚ ਵਾਹੁਣ ਦੇ ਸਫਲ ਯਤਨ ਕੀਤੇ ਹਨ । ਜੇਕਰ ਇਸ ਹੱਲ ਵਿਚ ਕੁਝ ਸੁਧਾਰ ਕਰ ਦਿੱਤਾ ਜਾਵੇ ਜਿਸ ਨਾਲ ਪਰਾਲੀ ਫਸੇ ਨਾ ਤਾਂ ਇਸ ਦੀ ਵਰਤੋਂ ਆਮ ਕਿਸਾਨ ਕਰਨ ਲੱਗ ਪੈਣਗੇ । ਤਵੀਆਂ ਵਾਲੇ ਹਲ ਨਾਲ ਵਹਾਈ ਕਰਕੇ ਰੌਣੀ ਕਰਕੇ ਕਣਕ ਬੀਜੀ ਜਾ ਸਕਦੀ ਹੈ । ਬਿਨਾਂ ਵਹਾਈ ਕੀਤਿਆਂ ਛੱਟਾ ਮਾਰ ਬਿਜਾਈ ਕਰਨ ਦਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਢੰਗ ਵਿਕਸਿਤ ਕੀਤਾ ਗਿਆ ਹੈ ਜਿਸ ਨੂੰ ਸਰਫੇਸ ਸੀਡਰ ਆਖਿਆ ਜਾਂਦਾ ਹੈ । ਇਸ ਢੰਗ ਦਾ ਪ੍ਰਚਾਰ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਇਸ ਸੰਬੰਧੀ ਸਿਖਲਾਈ ਦਿੱਤੀ ਜਾਵੇ । ਦੂਜਾ ਢੰਗ ਇਸ ਦੀ ਸਨਅੱਤੀ ਵਰਤੋਂ ਹੈ । ਪਰਾਲੀ ਤੋਂ ਗੱਠਾ ਬਣਾਇਆ ਜਾਂਦਾ ਹੈ । ਇਸ ਪਸੇ ਹੋਰ ਖੋਜ ਕਰਕੇ ਵਿਧੀ ਨੂੰ ਪਰਪੱਕ ਕੀਤਾ ਜਾਵੇ, ਇਸ ਨਾਲ ਰੁੱਖਾਂ ਦੀ ਕਟਾਈ ਵੀ ਘੱਟ ਜਾਵੇਗੀ । ਪਰਾਲੀ ਦੀ ਬਿਜਲੀ ਘਰਾਂ ਅਤੇ ਭੱਠਿਆਂ ਵਿਚ ਬਾਲਣ ਦੇ ਰੂਪ ਵਿਚ ਵੀ ਵਰਤੋਂ ਕੀਤੀ ਜਾਂਦੀ ਹੈ ।

ਦੂਜੀ ਮੁੱਖ ਸਮੱਸਿਆ ਧਰਤੀ ਹੇਠਲੇ ਘਟ ਰਹੇ ਪਾਣੀ ਦੀ ਹੈ । ਇਸ ਬਾਰੇ ਪ੍ਰਚਾਰ ਤਾਂ ਹੋ ਰਿਹਾ ਹੈ ਪਰ, ਸਰਕਾਰ ਜਾਂ ਨਾਗਰਿਕਾਂ ਵੱਲੋਂ ਅਮਲੀ ਯਤਨ ਨਹੀਂ ਕੀਤੇ ਗਏ । ਇਸੇ ਦੇ ਵੀ ਦੋ ਹੀ ਹੱਲ ਹਨ । ਧਰਤੀ ਹੇਠਲੇ ਪਾਣੀ ਦੀ ਸੰਕੋਚਵੀਂ ਵਰਤੋਂ ਕਰਨਾ ਅਤੇ ਮੀਂਹ ਦੇ ਪਾਣੀ ਨੂੰ ਵੱਧ ਤੋਂ ਵੱਧ ਹੇਠ ਭੇਜਣਾ । ਘੱਟ ਰਹੇ ਪਾਣੀ ਲਈ ਕੇਵਲ ਝੋਨੇ ਨੂੰ ਹੀ ਜ਼ੁੰਮੇਵਾਰ ਠਹਿਰਾਇਆ ਜਾ ਰਿਹਾ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਝੋਨੇ ਹੇਠੋਂ ਕੁਝ ਰਕਬੇ ਨੂੰ ਕੱਢਣ ਦੀ ਲੋੜ ਹੈ ਪਰ ਇਸ ਦੀ ਖੇਤੀ ਬੰਦ ਨਹੀਂ ਕੀਤੀ ਜਾ ਸਕਦੀ । ਇਹ ਕੇਵਲ ਤਿੰਨ ਮਹੀਨਿਆਂ ਦੀ ਫਸਲ ਹੈ ਅਤੇ ਸਾਰੀਆਂ ਅਨਾਜੀ ਫਸਲਾਂ ਨਾਲੋਂ ਵੱਧ ਝਾੜ ਦਿੰਦੀ ਹੈ । ਜੇਕਰ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਜੂਨ ਦੇ ਆਖਰੀ ਹਫਤੇ ਲੁਆਈ ਸ਼ੁਰੂ ਕੀਤੀ ਜਾਵੇ ਤਾਂ ਪਾਣੀ ਦੀ ਚੋਖੀ ਬਚਤ ਹੋ ਸਕਦੀ ਹੈ ਕਿਉਂਕਿ ਬਰਸਾਤ ਸ਼ੁਰੂ ਹੋ ਜਾਂਦੀ ਹੈ । ਝੋਨੇ ਤੋਂ ਵੱਧ ਪਾਣੀ ਤਾਂ ਗੰਨਾ ਅਤੇ ਗਰਮੀਆਂ ਵਿਚ ਬੀਜੀ ਮੱਕੀ ਲੈਂਦੀ ਹੈ । ਅਜੇਹੀ ਖੋਜ ਕਰਨ ਦੀ ਲੋੜ ਹੈ ਕਿ ਬਿਨਾਂ ਕੱਦੂ ਕੀਤਿਆਂ ਪਨੀਰੀ ਲਗਾਈ ਜਾ ਸਕੇ । ਇੰਝ ਝੋਨਾ ਧਰਤੀ ਹੇਠ ਪਾਣੀ ਭੇਜਣ ਦਾ ਵਧੀਆ ਵਸੀਲਾ ਬਣ ਜਾਵੇਗਾ । ਗੈਰ ਖੇਤੀ ਕੰਮਾਂ ਵਿਚ ਵੀ ਪਾਣੀ ਦੀ ਬੇਰਹਿਮੀ ਨਾਲ ਵਰਤੋਂ ਕੀਤੀ ਜਾਂਦੀ ਹੈ ਜਿਸ ਨੂੰ ਘੱਟ ਕਰਨ ਦੀ ਲੋੜ ਹੈ । ਖੇਤੀ ਖੇਤਰ ਵਿਚ ਕੋਈ 14 ਲੱਖ ਟਿਊਬਵੈੱਲ ਹਨ ਜਿਹੜੇ ਸਾਲ ਵਿਚ ਛੇ ਕੁ ਮਹੀਨੇ ਚਲਦੇ ਹਨ, ਦੂਜੇ ਪਾਸੇ ਗੈਰ ਖੇਤੀ ਖੇਤਰ ਵਿਚ 25 ਲੱਖ ਟੀਊਬਵੈੱਲ ਹਨ ਜੋ ਦਿਨ ਰਾਤ ਚਲਦੇ ਹਨ । ਦੂਜਾ ਕਾਰਨ ਬਰਸਾਤ ਦੇ ਪਾਣੀ ਨੂੰ ਵੱਧ ਤੋਂ ਵੱਧ ਧਰਤੀ ਭੇਜਣਾ ਹੈ । ਇਸ ਲਈ ਪਿੰਡਾਂ ਵਾਲੇ ਛੱਪੜ, ਨਹਿਰਾਂ ਵੱਡੀਆਂ ਇਮਾਰਤਾਂ ਦੀਆਂ ਛੱਤਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ । ਬਰਸਾਤ ਤੋਂ ਪਹਿਲਾਂ ਸਾਰੀਆਂ ਨਹਿਰਾਂ, ਕਸੀਆਂ ਅਤੇ ਸੂਇਆਂ ਦੀ ਸਫਾਈ ਕਰਨੀ ਚਾਹੀਦੀ ਹੈ ਤੇ ਇਨ੍ਹਾਂ ਨੂੰ ਪਕਿਆਂ ਨਹੀਂ ਕਰਨਾ ਚਾਹੀਦਾ ਤਾਂ ਜੋ ਇਹ ਬਰਸਾਤ ਦੇ ਪਾਣੀ ਨਾਲ ਪਰ ਸਕਣ । ਪਿੰਡਾਂ ਦੇ ਛੱਪੜਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ ਤੇ ਇਨ੍ਹਾਂ ਵਿਚ ਬਰਸਾਤ ਦੇ ਪਾਣੀ ਨੂੰ ਇਕੱਠਾ ਕੀਤਾ ਜਾਵੇ । ਵੱਡੀਆਂ ਇਮਾਰਤਾਂ ਦੀਆਂ ਛੱਤਾਂ

ਬਾਕੀ ਸਫਾ 6 'ਤੇ




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 40**
**ਮਿਤੀ 05-10-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**


# ਝੋਨੇ ਵਿਚ ਹਲਦੀ ਰੋਗ ਦੀ ਰੋਕਥਾਮ ਲਈ ਬੇਲੋੜੇ ਛਿੜਕਾਅ ਲਈ ਬੇਲੋੜੇ ਛਿੜਕਾਅ ਤੋਂ ਗੁਰੇਜ਼ ਦੀ ਲੋੜ

ਝੋਨੇ ਦੀ ਫਸਲ ਉੱਪਰ ਬਿਮਾਰੀਆਂ ਦਾ ਫਸਲ ਤੇ ਹਮਲਾ ਹੋਣ ਦੇ ਕਈ ਕਾਰਨ ਹਨ। ਮੌਸਮੀ ਕਾਰਨ ਜਿਵੇਂ ਕਿ ਹਵਾ ਵਿਚ ਵੱਧ ਨਮੀਂ, ਲਗਾਤਾਰ ਬੱਦਲਵਾਈ ਬਣੇ ਰਹਿਣਾ, ਕੀੜੇ-ਮਕੌੜੇ ਅਤੇ ਬਿਮਾਰੀਆਂ ਲਈ ਅਨੁਕੂਲ ਤਾਪਮਾਨ ਅਤੇ ਕਾਸ਼ਤਕਾਰੀ ਕਾਰਨ ਜਿਵੇਂ ਕਿ ਲੋੜ ਤੋਂ ਵੱਧ ਯੂਰੀਆ ਖਾਦ ਦੀ ਵਰਤੋਂ, ਖੇਤ ਵਿਚ ਪਾਣੀ ਲਗਾਤਾਰ ਖੜ੍ਹਾ ਰੱਖਣਾ, ਗੈਰ-ਸਿਫਾਰਿਸ਼ ਰਸਾਇਣਾਂ ਦੀ ਵਰਤੋਂ ਆਦਿ ਹੋ ਸਕਦੇ ਹਨ। ਝੋਨੇ ਦੀ ਫਸਲ ਵਿਚ ਆਉਣ ਵਾਲੀਆਂ ਬਿਮਾਰੀਆਂ ਵਿਚੋਂ ਝੂਠੀ ਕਾਂਗਿਆਰੀ, ਜਿਸ ਨੂੰ ਹਲਦੀ ਰੋਗ ਵੀ ਕਹਿੰਦੇ ਹਨ, ਦਾ ਹਮਲਾ ਖਾਸ ਤੌਰ ਤੇ ਫਸਲ ਦੇ ਪੱਕਣ ਵੇਲੇ ਦਿਖਾਈ ਦਿੰਦਾ ਹੈ। ਇਸ ਬਿਮਾਰੀ ਦਾ ਹਮਲਾ ਗੋਭ ਅਵਸਥਾ ਤੇ ਹੁੰਦਾ ਹੈ ਅਤੇ ਇਸ ਬਿਮਾਰੀ ਨਾਲ ਮੁੰਜਰਾਂ ਵਿਚ ਦਾਣਿਆਂ ਦੀ ਜਗ੍ਹਾ ਧੂੜੇਦਾਰ ਗੋਲੇ ਬਣ ਜਾਂਦੇ ਹਨ ਜੋ ਪਹਿਲਾਂ ਸਲੇਟੀ ਰੰਗ ਦੇ ਹੁੰਦੇ ਹਨ ਅਤੇ ਬਾਅਦ ਵਿਚ ਪੀਲਾ ਰੰਗ ਧਾਰਨ ਕਰ ਲੈਂਦੇ ਹਨ, ਜਿਸ ਕਾਰਨ ਇਸ ਬਿਮਾਰੀ ਨੂੰ ਹਲਦੀ ਰੋਗ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ।

ਇਹ ਦੇਖਣ ਨੂੰ ਮਿਲਿਆ ਹੈ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀਆਂ ਸਿਫਾਰਿਸ਼ਾਂ ਤੋਂ ਵੱਧ ਮਿਕਦਾਰ ਵਿਚ ਖਾਦਾਂ ਦੀ ਵਰਤੋਂ ਕੀਤੀ ਗਈ ਹੈ ਜਾਂ ਲੋੜ ਤੋਂ ਵੱਧ ਪਾਣੀ ਲਾਏ ਗਏ ਹਨ ਉੱਥੇ ਝੋਨੇ ਵਿਚ ਝੂਠੀ ਕਾਂਗਿਆਰੀ



(ਹਲਦੀ ਰੋਗ) ਦਾ ਹਮਲਾ ਵਧੇਰੇ ਪਾਇਆ ਗਿਆ ਹੈ। ਇਸ ਲਈ ਝੋਨੇ ਵਿਚ ਖਾਦ ਅਤੇ ਪਾਣੀ ਦੀ ਵਰਤੋਂ ਲੋੜ ਅਨੁਸਾਰ ਕਰਨੀ ਚਾਹੀਦੀ ਹੈ।

ਝੋਨੇ ਦੀ ਝੂਠੀ ਕਾਂਗਿਆਰੀ ਦੀ ਰੋਕਥਾਮ ਫਸਲ ਦੇ ਗੋਭ ਅਵਸਥਾ ਵਿਚ ਹੋਣ ਸਮੇਂ ਗੈਲੀਲਿਓ ਵੇਅ 18.76 ਐੱਸ ਸੀ (ਪਿਕੋਕਸੀਸਟ੍ਰੋਬਿਨ + ਪ੍ਰੋਪੀਕੋਨਾਜ਼ੋਲ) 400 ਮਿ.ਲਿ. ਜਾਂ ਕੋਸਾਈਡ 46 ਡੀ ਐਫ (ਕਾਪਰ ਹਾਈਡ੍ਰੋਕਸਾਈਡ) 500 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਨਾਲ ਸਪਰੇਅ ਕਰਕੇ ਕੀਤੀ ਜਾ ਸਕਦੀ ਹੈ।

ਝੋਨੇ ਦੇ ਨਿਸਰਣ ਉਪਰੰਤ ਹਲਦੀ ਦੀਆਂ ਡੋਡੀਆਂ ਬਣਨ ਉਪਰੰਤ ਕਿਸੇ ਵੀ ਉੱਲੀਨਾਸ਼ਕ ਨਾਲ ਇਸ ਨੂੰ ਠੀਕ ਨਹੀਂ ਕੀਤਾ ਜਾ ਸਕਦਾ। ਆਮ ਤੌਰ 'ਤੇ ਕਿਸਾਨ ਝੋਨੇ ਦੇ ਨਿਸਰਣ ਉਪਰੰਤ ਝੂਠੀ ਕਾਂਗਿਆਰੀ ਦੀਆਂ ਡੋਡੀਆਂ ਦਿਸਣ ਵੇਲੇ ਉੱਲੀਨਾਸ਼ਕ ਦਾ ਛਿੜਕਾਅ ਕਰਦੇ ਹਨ ਜਿਸ ਨਾਲ ਕੇਵਲ ਛਿੜਕਾਅ ਦਾ ਖਰਚਾ ਵਧਦਾ ਹੈ ਕਿਉਂਕਿ ਮੁੰਜਰ ਵਿਚ ਦਾਣੇ ਦੀ ਜਗ੍ਹਾ ਉਸ ਸਮੇਂ ਬਣੀ ਹਲਦੀ ਵਾਲੀ ਡੋਡੀ ਨੂੰ ਕਿਸੇ ਵੀ ਦਵਾਈ ਨਾਲ ਦੁਬਾਰਾ ਦਾਣੇ ਵਿਚ ਨਹੀਂ ਬਦਲਿਆ ਜਾ ਸਕਦਾ। ਇਸ ਲਈ ਝੋਨੇ ਦੇ ਨਿਸਰਣ ਉਪਰੰਤ ਇਸ ਦੇ ਇਲਾਜ ਲਈ ਉੱਲੀਨਾਸ਼ਕ ਦੀ ਸਪਰੇ ਕਾਰਗਰ ਨਹੀਂ ਹੁੰਦੀ।

ਖੇਤਾਂ ਵਿਚ ਇਹ ਵੀ ਦੇਖਿਆ ਗਿਆ ਹੈ ਕਿ ਆਮ ਤੌਰ ਤੇ ਇਹ ਰੋਗ ਜ਼ਿਆਦਾ ਭਾਰੇ ਝੋਨੇ ਵਿਚ ਆਉਂਦਾ ਹੈ ਅਤੇ ਇਸ ਨਾਲ ਝਾੜ ਦਾ ਬਹੁਤ ਜ਼ਿਆਦਾ ਨੁਕਸਾਨ ਨਹੀਂ ਹੁੰਦਾ। ਇਸ ਲਈ ਕਿਸਾਨ ਵੀਰਾਂ ਨੂੰ ਅਪੀਲ ਹੈ ਕਿ ਝੋਨੇ ਦੇ ਪੱਕਣ ਸਮੇਂ ਇਸ ਦੇ ਇਲਾਜ ਲਈ ਉੱਲੀਨਾਸ਼ਕ ਦਾ ਛਿੜਕਾਅ ਨਾ ਕੀਤਾ ਜਾਵੇ। ਜੇ ਝੋਨਾ ਲੇਟ ਲੱਗਿਆ ਹੈ ਅਤੇ ਇਸ ਸਮੇਂ ਗੋਭ ਅਵਸਥਾ ਵਿਚ ਹੈ ਉੱਥੇ ਇਸ ਦੇ ਬਚਾਅ ਲਈ ਛਿੜਕਾਅ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਝੋਨੇ ਦੇ ਵੱਢਣ ਸਮੇਂ ਵੀ ਝੋਨੇ ਦੀ ਵਾਢੀ ਤਰੇਲ ਉਪਰੰਤ ਧੁੱਪ ਵਿਚ ਕਰਨੀ ਚਾਹੀਦੀ ਹੈ ਕਿਉਂਕਿ ਤਰੇਲ ਵਿਚ ਵੱਢੇ ਝੋਨੇ ਦੇ ਦਾਣਿਆਂ ਉੱਪਰ ਬਿਮਾਰੀ ਦਾ ਧੂੜਾ ਲੱਗਣ ਨਾਲ ਦਾਣੇ ਬਦਰੰਗ ਦਿਸਣ ਲੱਗ ਜਾਂਦੇ ਹਨ।

**ਸੰਦੀਪ ਕੁਮਾਰ ਅਤੇ ਅਮਨਦੀਪ ਸਿੰਘ ਬਰਾੜ, ਕ੍ਰਿਸ਼ੀ ਵਿਗਿਆਨ ਕੇਂਦਰ,**
**ਮੋਬਾਇਲ : 95968-64647**

## ਕਣਕ ਦੇ ਨਾੜ ਨਾਲੋਂ ਝੋਨੇ ਦੀ ਪਰਾਲੀ ਦਾ ਧੂੰਆਂ ਖਤਰਨਾਕ ਹੁੰਦਾ ਹੈ...

# ਪੰਜਾਬ 'ਚ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦਾ ਰੁਝਾਨ

ਬ੍ਰਿਸ਼ ਭਾਨ ਬੁਜ਼ਰਕ

ਝੋਨੇ ਦੀ ਪਰਾਲੀ ਨੂੰ ਅੱਗ ਲਾਏ ਜਾਣ ਕਰ ਕੇ ਇਸ 17 ਸਤੰਬਰ 2024 ਨੂੰ ਸੀਜ਼ਨ ਦਾ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ 'ਚ ਮਾਮਲਾ ਦਰਜ ਕੀਤਾ ਗਿਆ। ਇਸ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਵੱਲੋਂ ਹਰ ਸਾਲ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਅੱਗ ਲਗਾਈ ਜਾਂਦੀ ਹੈ। ਪਰਾਲੀ ਦਾ ਇਹ ਧੂੰਆਂ ਹਰਿਆਣੇ ਵਿਚੋਂ ਹੁੰਦਾ ਹੋਇਆ ਦਿੱਲੀ ਤੱਕ ਵੀ ਪੁੱਜ ਜਾਂਦਾ ਹੈ ਅਤੇ ਦਿਨ-ਦਿਹਾੜੇ ਹੀ ਰਾਤ ਮਹਿਸੂਸ ਹੋਣ ਲੱਗਦੀ ਹੈ। ਇਸ ਤੋਂ ਬਿਨ੍ਹਾਂ ਜ਼ਹਿਰੀਲੇ ਧੂੰਏਂ ਕਾਰਨ ਲੋਕਾਂ ਦਾ ਸਾਹ ਲੈਣਾ ਵੀ ਮੁਸ਼ਕਲ ਹੋ ਜਾਂਦਾ ਹੈ ਅਤੇ ਸੜਕ ਹਾਦਸੇ ਵੀ ਹੋ ਜਾਂਦੇ ਹਨ। ਪਰ ਝੋਨੇ ਦੀ ਪਰਾਲੀ ਦਾ ਇਹ ਜ਼ਹਿਰੀਲਾ ਧੂੰਆਂ ਕਿਸਾਨ ਦੇ ਆਪਣੇ ਅਤੇ ਉਸ ਦੇ ਪਰਿਵਾਰ ਦੇ ਫੇਫੜਿਆਂ ਵਿਚੋਂ ਲੰਘ ਕੇ ਅੱਗੇ ਜਾਂਦਾ ਹੈ।

ਕਣਕ ਦੇ ਨਾੜ ਨਾਲੋਂ ਝੋਨੇ ਦੀ ਪਰਾਲੀ ਦਾ ਧੂੰਆਂ ਇਸ ਕਰ ਕੇ ਵੀ ਜ਼ਿਆਦਾ ਖਤਰਨਾਕ ਹੁੰਦਾ ਹੈ, ਕਿਉਂਕਿ ਝੋਨੇ ਦੇ ਗਿੱਲੇ ਨਾੜ ਨੂੰ ਅੱਗ ਲਗਾਈ ਜਾਂਦੀ ਹੈ। ਜਿਸ ਕਰ ਕੇ ਧੂੰਆਂ ਸੰਘਣਾ ਅਤੇ ਚਿੱਟਾ ਹੁੰਦਾ ਹੈ। ਇਸ ਧੂੰਏ ਨੂੰ ਰੋਕਣ ਅਤੇ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਹਰ ਸਾਲ ਕਰੋੜਾਂ ਰੁਪਏ ਦੀ ਮਸ਼ੀਨਰੀ ਕਿਸਾਨਾਂ ਨੂੰ ਸਬਸਿਡੀ 'ਤੇ ਦਿੱਤੀ ਜਾਂਦੀ ਹੈ। ਹੁਣ ਪੰਜਾਬ ਸਰਕਾਰ ਵੱਲੋਂ ਤਿਆਰ ਕੀਤੇ ਜਾ ਰਹੇ ਨਵੇਂ ਖੇਤੀ ਖਰੜੇ 'ਚ ਖੇਤੀ ਵਿਭਿੰਨਤਾ ਯੋਜਨਾ ਤਹਿਤ ਕਣਕ-ਝੋਨੇ ਹੇਠ ਰਕਬਾ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।


ਸਾਲ 2018-19 ਤੋਂ ਲੈ ਕੇ ਸਾਲ 2021-22 ਤੱਕ ਝੋਨੇ ਦੀ ਪਰਾਲੀ ਨੂੰ ਸੰਭਾਲਣ ਲਈ ਸਬਸਿਡੀ ਵਾਲੀਆਂ 90422 ਮਸ਼ੀਨਾਂ ਦਿੱਤੀਆਂ ਗਈਆਂ, ਇਕ ਰਿਪੋਰਟ ਮੁਤਾਬਕ ਪੰਜਾਬ ਵਿਚ ਚਾਰ ਲੱਖ 92 ਹਜ਼ਾਰ ਟਰੈਕਟਰ, ਤਿੰਨ ਲੱਖ ਪਾਵਰ ਟਿਲਰ, ਤਿੰਨ ਲੱਖ ਪੰਜਾਹ ਹਜ਼ਾਰ ਥਰੈਸ਼ਰ, 25 ਹਜ਼ਾਰ ਗੰਨਾ ਪੀੜਨ ਵਾਲੇ ਯੰਤਰ ਅਤੇ ਹੋਰ ਮਸ਼ੀਨਰੀ ਮੌਜੂਦ ਸੀ, ਜਦੋਂ ਕਿ ਕੰਬਾਇਨਾਂ, ਰੀਪਰ, ਰੋਟਾਵੇਟਰ ਸਮੇਤ ਅਰਬਾਂ ਰੁਪਏ ਦੀ ਹੋਰ ਬੇਲੋੜੀ ਮਸ਼ੀਨਰੀ ਕਿਸਾਨਾਂ ਦੇ ਘਰਾਂ 'ਚ ਖੜ੍ਹੀ ਹੋਣ ਦੇ ਬਾਵਜੂਦ ਵੀ ਪਰਾਲੀ ਦਾ ਪੱਕੇ ਤੌਰ 'ਤੇ ਕੋਈ ਹੱਲ ਨਹੀਂ ਹੋ ਸਕਿਆ।

ਸਾਲ 2018-19 ਤੋਂ ਲੈ ਕੇ ਸਾਲ 2021-22 ਤੱਕ ਸਬਸਿਡੀ ਵਾਲੀਆਂ 90422 ਕਰੋੜਾਂ ਰੁਪਏ ਦੀਆਂ ਮਸ਼ੀਨਾਂ ਕਿਸਾਨਾਂ ਨੂੰ ਦਿੱਤੀਆਂ ਗਈਆਂ। ਸੰਗਰੂਰ ਜ਼ਿਲ੍ਹੇ ਅੰਦਰ ਇਨ੍ਹਾਂ ਪੰਜ ਸਾਲਾਂ ਦੌਰਾਨ ਕਿਸਾਨਾਂ ਨੂੰ 790 ਮਸ਼ੀਨਾਂ ਦਿੱਤੀਆਂ ਗਈਆਂ। ਪਰਾਲੀ ਪ੍ਰਦੂਸ਼ਣ ਦਾ ਦੂਸਰਾ ਵੱਡਾ ਕਾਰਨ ਕਣਕ ਨਾਲੋਂ ਝੋਨੇ 'ਤੇ ਕੀਟਨਾਸ਼ਕ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਵੀ ਜ਼ਿਆਦਾ ਹੁੰਦੀ ਹੈ। ਜਿਸ ਕਰਕੇ ਧੂੰਆਂ ਜ਼ਹਿਰੀਲਾ ਹੋਣ ਕਰ ਕੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਪੈਦਾ ਕਰਦਾ ਹੈ।

ਪਰਾਲੀ ਨੂੰ ਅੱਗ ਲੱਗਣ ਕਾਰਨ ਨੇੜੇ ਖੜ੍ਹੇ ਰੁੱਖ ਅਤੇ ਜ਼ਮੀਨ ਵਿਚ ਰਹਿਣ ਵਾਲੇ ਮਿੱਤਰ ਕੀੜੇ ਵੀ ਅੱਗ 'ਚ ਸੜ ਜਾਂਦੇ ਹਨ। ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਲਈ ਝੋਨੇ ਦੀ ਪਰਾਲੀ ਨੂੰ ਲਗਾਈ ਜਾਂਦੀ ਅੱਗ ਨੂੰ ਜ਼ਿੰਮੇਵਾਰ ਮੰਨਿਆ ਗਿਆ ਹੈ ਜਾਂ ਫਿਰ ਹੋਰ ਵੀ ਕਈ ਅਜਿਹੇ ਸਾਧਨ ਹਨ, ਜਿਨ੍ਹਾਂ ਰਾਹੀਂ ਵਾਤਾਵਰਣ ਨੂੰ ਪ੍ਰਦੂਸ਼ਿਤ ਕੀਤਾ ਜਾਂਦਾ ਹੈ। ਇਕ ਹੈਕਟੇਅਰ ਪਰਾਲੀ ਨੂੰ ਅੱਗ ਲਗਾਉਣ ਨਾਲ ਅੰਦਾਜ਼ਨ 30 ਕਿਲੋ ਨਾਈਟ੍ਰੋਜਨ, 13 ਕਿਲੋ ਫਾਸਫੋਰਸ, 30 ਕਿਲੋ ਪੋਟਾਸ਼, 6 ਕਿਲੋ ਸਲਫਰ, 2400 ਕਿਲੋ ਕਾਰਬਨ ਸੜ ਕੇ ਸੁਆਹ ਹੋ ਜਾਂਦੇ ਹਨ। ਪਰ ਕਿਸੇ ਨਾ ਕਿਸੇ ਮੋੜ 'ਤੇ ਪਰਾਲੀ ਨੂੰ ਅੱਗ ਲਗਾਉਣ ਵਾਲੇ ਵਰਤਾਰੇ ਲਈ ਸਰਕਾਰਾਂ ਨੂੰ ਕਿਸਾਨਾਂ ਤੋਂ ਜ਼ਿਆਦਾ ਕਸੂਰਵਾਰ ਮੰਨਿਆ ਜਾ ਸਕਦਾ ਹੈ, ਕਿਉਂਕਿ ਪਰਾਲੀ ਦੀ ਸਾਂਭ-ਸੰਭਾਲ, ਜ਼ਮੀਨ ਵਿਚ ਪਰਾਲੀ ਗਾਲਣ ਆਦਿ ਲਈ ਸਰਕਾਰ ਵੱਲੋਂ ਯੋਗ ਪ੍ਰਬੰਧ ਨਹੀਂ ਕੀਤੇ ਜਾਂਦੇ। ਸਰਕਾਰ ਵੱਲੋਂ ਝੋਨੇ ਦੀ ਸੀਜ਼ਨ ਤੋਂ ਬਾਅਦ ਬਿਜਲੀ ਸਪਲਾਈ ਕੁਝ ਘੰਟੇ ਹੀ ਦਿੱਤੀ ਜਾਂਦੀ ਹੈ, ਜਦੋਂ ਕਿ ਪਰਾਲੀ ਨੂੰ ਜ਼ਮੀਨ ਵਿਚ ਖਤਮ ਕਰਨ ਲਈ ਬਿਜਲੀ ਚਾਹੀਦੀ ਹੈ, ਜਿਸ ਨਾਲ ਕਿਸਾਨ ਪਰਾਲੀ ਨਾਲ ਭਰੇ ਖੇਤ ਨੂੰ ਪਾਣੀ ਦੇ ਕੇ ਪਰਾਲੀ ਨੂੰ ਗਲ ਸਕਣ ਪਰ ਅਜਿਹਾ ਕੁਝ ਵੀ ਨਹੀਂ ਹੁੰਦਾ। ਪੰਜਾਬ ਵਿਚ ਕੁਝ ਕਿਸਾਨਾਂ ਨੇ ਜ਼ੀਰੋ ਡਰਿੱਲ ਰਾਹੀਂ ਪਰਾਲੀ ਵਿਚ ਹੀ ਕਣਕ ਬੀਜਣ ਦਾ ਤਜਰਬਾ ਕੀਤਾ ਹੈ ਪਰ ਪਰਾਲੀ ਜ਼ਿਆਦਾ ਹੋਣ ਕਰ ਕੇ ਜ਼ਮੀਨ ਵਿਚ ਚੂਹੇ ਖੁੱਡਾਂ ਬਣਾ ਲੈਂਦੇ ਹਨ। ਜਿਸ ਕਰਕੇ ਕਣਕ ਦੇ ਬੀਜਾਂ ਦਾ ਨੁਕਸਾਨ ਹੁੰਦਾ ਹੈ। ਪੰਜਾਬ ਵਿਚ ਜ਼ੀਰੋ ਡਰਿੱਲ ਦੀ ਵਰਤੋਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਹੀ ਨਾਮਾਤਰ ਹੈ। ਅਸਲ ਵਿਚ ਜ਼ੀਰੋ ਡਰਿੱਲ, ਰੋਟਾਵੇਟਰ, ਹੋਰ ਪਤਾ ਨਹੀਂ ਕਿੰਨੇ ਕੁ ਔਜ਼ਾਰ ਕੰਪਨੀਆਂ ਵੱਲੋਂ ਤਿਆਰ ਕੀਤੇ ਜਾ ਰਹੇ ਹਨ, ਜਿਸ ਨੂੰ ਝੋਨੇ ਪਰਾਲੀ ਦਾ ਪੱਕਾ ਹੱਲ ਕਰਨਾ ਦੱਸ ਕੇ ਕਿਸਾਨਾਂ ਦਾ ਘਰ ਮਹਿੰਗੀ ਮਸ਼ੀਨਰੀ ਨਾਲ ਭਰੇ ਜਾ ਰਹੇ ਹਨ। ਜਿਸ ਤਰ੍ਹਾਂ ਕੰਬਾਈਨ ਤੇ ਸੁਪਰ ਸਟ੍ਰਾਅ ਮੈਨੇਜਮੈਂਟ ਸਿਸਟਮ/ਸੁਪਰ ਐੱਸ. ਐੱਮ. ਐੱਸ ਲਗਾਉਣ ਤੇ ਇਸ ਹੀ ਸਿਸਟਮ ਵਾਲੀ ਕੰਬਾਈਨ ਨਾਲ ਝੋਨੇ ਦੀ ਕਟਾਈ ਕਰਵਾਉਣੀ। ਇਸ ਤਰ੍ਹਾਂ ਦੀ ਕਟਾਈ ਆਮ ਨਾਲੋਂ ਤਿੰਨ ਚਾਰ ਸੌ ਪ੍ਰਤੀ ਏਕੜ ਵੱਧ ਹੋਣ ਨਾਲ ਹੀ ਕੰਬਾਈਨ ਵੱਲੋਂ ਸੁੱਟੇ ਜਾਂਦੇ ਦਾਣੇ ਵੀ ਨਜ਼ਰ ਨਹੀਂ ਪੈਂਦੇ। ਜਿਸ ਕਰਕੇ ਕਿਸਾਨ ਦਾ ਦੂਹਰਾ ਨੁਕਸਾਨ ਹੁੰਦਾ ਹੈ ਅਤੇ ਕੰਬਾਈਨ ਮਾਲਕ 'ਤੇ ਵੀ ਕੰਪਨੀਆਂ ਨੇ ਖਰਚੇ ਦਾ ਹੋਰ ਭਾਰ ਵਧਾ ਦਿੱਤਾ ਪਰ ਪਰਾਲੀ ਦਾ ਪੱਕੇਤੌਰ 'ਤੇ ਕੋਈ ਹੱਲ ਫਿਰ ਵੀ ਨਹੀਂ ਹੋਇਆ। ਹੁਣ ਵੇਖਣਾ ਇਹ ਹੈ ਕਿ ਸਰਕਾਰ ਵੱਲੋਂ ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਰੋਕਣ ਦੇ ਯਤਨ ਕਿੰਨੇ ਕੁ ਸਫਲ ਹੁੰਦੇ ਹਨ। ਲੋੜ ਹੈ ਕਿਸਾਨਾਂ ਨਾਲ ਤਾਲਮੇਲ ਪੈਦਾ ਕਰ ਕੇ ਇਸ ਸਮੱਸਿਆ ਦਾ ਪੱਕੇ ਤੌਰ 'ਤੇ ਹੱਲ ਕਰਨ ਦੀ।

## ਚੰਗੀ ਤੇ ਸਥਿਰ ਖੇਤੀ ਲਈ

# ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਬਹੁਤ ਜ਼ਰੂਰੀ



**ਮੱਖਣ ਸਿੰਘ ਭੁੱਲਰ,** ਨਿਰਦੇਸ਼ਕ ਪਸਾਰ ਸਿੱਖਿਆ

ਝੋਨੇ ਦੀ ਪਰਾਲੀ ਦੀ ਸੰਭਾਲ ਦਾ ਮੁੱਦਾ ਕਈ ਸਾਲਾਂ ਤੋਂ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਕਿਉਕਿ ਜ਼ਿਆਦਾਤਰ ਕਿਸਾਨ ਅਜੇ ਵੀ ਝੋਨੇ ਦੀ ਵਢਾਈ ਤੋਂ ਬਾਅਦ ਬਚੀ ਹੋਈ ਪਰਾਲੀ ਨੂੰ ਸਾੜ ਦਿੰਦੇ ਹਨ । ਇਸ ਮੁੱਦੇ ਨੇ ਸਰਕਾਰ ਅਤੇ ਸੰਬੰਧਿਤ ਸੰਸਥਾਵਾਂ ਨੂੰ ਪਹਿਲ ਦੇ ਆਧਾਰ 'ਤੇ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਬੁਨਿਆਦੀ ਢਾਂਚਾ ਪ੍ਰਦਾਨ ਕਰਨ, ਤਕਨੀਕਾਂ ਵਿਕਸਿਤ ਕਰਨ ਅਤੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਮਜ਼ਬੂਰ ਕੀਤਾ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਝੋਨੇ ਦੀ ਪਰਾਲੀ ਦੀ ਸੰਭਾਲ ਦੇ ਨਾਲ-ਨਾਲ ਕਣਕ ਦੀ ਸਮੇਂ ਸਿਰ ਬਿਜਾਈ ਲਈ ਮਸ਼ੀਨਰੀ ਅਤੇ ਤਕਨੀਕਾਂ ਵਿਕਸਿਤ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ । ਇਕ ਅੰਦਾਜ਼ੇ ਮੁਤਾਬਿਕ 90 ਪ੍ਰਤੀਸ਼ਤ ਤੋਂ ਵੱਧ ਝੋਨੇ ਦੀ ਵਢਾਈ ਕੰਬਾਈਨਾਂ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ, ਜਿਸ ਨਾਲ ਝੋਨੇ ਦੀ ਪਰਾਲੀ ਖੇਤਾਂ 'ਚ ਰਹਿ ਜਾਂਦੀ ਹੈ । ਬਹੁਤ ਸਾਰੇ ਕਿਸਾਨ ਅਜੇ ਵੀ ਇਸ ਨੂੰ ਖੇਤਾਂ 'ਚ ਸਾੜ ਦਿੰਦੇ ਹਨ, ਜਿਸ ਨਾਲ ਅਕਤੂਬਰ-ਨਵੰਬਰ ਦੇ ਮਹੀਨਿਆਂ 'ਚ ਭਾਰੀ ਹਵਾ ਪ੍ਰਦੂਸ਼ਣ ਹੁੰਦਾ ਹੈ ਅਤੇ ਜ਼ਮੀਨ ਵਿਚਲੇ ਜ਼ਰੂਰੀ ਖੁਰਾਕੀ ਤੱਤਾਂ ਦਾ ਨੁਕਸਾਨ ਹੁੰਦਾ ਹੈ । ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਲਾਭਦਾਇਕ ਸੂਖਮ ਜੀਵਾਂ, ਜਾਨਵਰਾਂ ਅਤੇ ਪੰਛੀਆਂ ਦਾ ਵੀ ਨੁਕਸਾਨ ਹੁੰਦਾ ਹੈ । ਇਹ ਦੇਖਿਆ ਗਿਆ ਹੈ ਕਿ ਇਕ ਹੈਕਟੇਅਰ ਰਕਬੇ 'ਤੇ ਝੋਨੇ ਦੀ ਪਰਾਲੀ ਨੂੰ ਸਾੜਨ ਨਾਲ 33.0 ਕਿਲੋ ਨਾਈਟ੍ਰੋਜਨ, 13.8 ਕਿਲੋ ਫਾਸਫੋਰਸ, 150 ਕਿਲੋ ਪੋਟਾਸ਼ੀਅਮ, 7.2 ਕਿਲੋ ਜ਼ਿੰਕ ਅਤੇ 2400 ਕਿਲੋ ਜੈਵਿਕ ਕਾਰਬਨ ਨਸ਼ਟ ਹੋ ਜਾਂਦੇ ਹਨ । ਪੰਜਾਬ ਰਾਜ ਵਰਕੇ ਖੇਤਰਾਂ 'ਚ ਵਾਤਾਵਰਨ ਸੰਤੁਲਨ ਨੂੰ ਕਾਇਮ ਰੱਖਣ ਲਈ ਲਗਭਗ 20% ਰਕਬਾ ਦਰੱਖਤਾਂ ਹੇਠ ਹੋਣਾ ਚਾਹੀਦਾ ਹੈ, ਪਰ ਪੰਜਾਬ 'ਚ ਇਹ ਘੱਟ ਕੇ ਸਿਰਫ 6.0% ਤੋਂ ਵੀ ਹੇਠਾਂ ਰਹਿ ਗਿਆ ਹੈ । ਇਸ ਲਈ, ਰਾਜ 'ਚ ਜੈਵ ਵਿਭਿੰਨਤਾ ਨੂੰ ਕਾਇਮ ਰੱਖਣ ਲਈ ਗੰਭੀਰ ਯਤਨਾਂ ਦੀ ਲੋੜ ਹੈ, ਕਿਉਕਿ ਇਹ ਹਿੱਸਾ ਮੌਜੂਦਾ ਖੇਤੀਬਾੜੀ ਪ੍ਰਣਾਲੀ ਅਤੇ ਰਾਜ 'ਚ ਸ਼ਹਿਰੀਕਰਨ ਅਤੇ ਸਿਵਲ ਵਿਕਾਸ ਨਾਲ ਬਹੁਤ ਪ੍ਰਭਾਵਿਤ ਹੋ ਰਿਹਾ ਹੈ । ਝੋਨੇ ਦੀ ਪਰਾਲੀ ਅਤੇ ਕਣਕ ਦੇ ਨਾੜ ਨੂੰ ਸਾੜਨ ਨਾਲ ਜੈਵ ਵਿਭਿੰਨਤਾ ਦੀ ਭਾਰੀ ਤਬਾਹੀ ਹੁੰਦੀ ਹੈ । ਖੇਤਾਂ 'ਚ ਸੜਕਾਂ ਦੇ ਕਿਨਾਰਿਆਂ, ਪਾਣੀ ਦੇ ਰਜਬਾਹਿਆਂ, ਨਹਿਰਾਂ, ਰਸਤਿਆਂ ਆਦਿ 'ਤੇ ਲੱਗੇ ਪੌਦਿਆਂ ਅਤੇ ਇੱਥੋਂ ਤੱਕ ਕਿ ਵੱਡੇ-ਵੱਡੇ ਦਰੱਖਤਾਂ ਦਾ ਸੜਨਾ ਆਮ ਦੇਖਿਆ ਜਾ ਸਕਦਾ ਹੈ ।

ਯੂਨੀਵਰਸਿਟੀ ਨੇ ਪਰਾਲੀ ਦੀ ਸੁਚੱਜੀ ਸੰਭਾਲ ਲਈ ਕਈ ਤਕਨੀਕਾਂ ਵਿਕਸਿਤ ਕੀਤੀਆਂ ਹਨ । ਪਰਾਲੀ ਦੀ ਖੇਤਾਂ 'ਚ ਹੀ ਸੰਭਾਲ (ਇਨ-ਸੀਟੂ) ਬਹੁਤ ਹੀ ਵਧੀਆ ਵਿਕਲਪ ਹੈ, ਇਸ ਲਈ ਸਮਾਰਟ ਸੀਡਰ, ਹੈਪੀ ਸੀਡਰ, ਸਟਰਾਅ ਮੈਨੇਜਮੈਂਟ ਸਿਸਟਮ, ਸੁਪਰ ਸੀਡਰ, ਜ਼ੀਰੋ-ਟਿੱਲ ਡਰਿੱਲ, ਸ਼ਰੈਡਰ ਅਤੇ ਮਲਚਰ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ । ਕੰਬਾਈਨ ਹਾਰਵੈਸਟਰ ਨਾਲ ਸਟਰਾਅ ਮੈਨੇਜਮੈਂਟ ਸਿਸਟਮ (ਐੱਸ. ਐੱਮ. ਐੱਸ.) ਲਗਾਉਣਾ ਲਾਜ਼ਮੀ ਹੈ, ਜਿਸ ਨਾਲ ਝੋਨੇ ਦੀ ਪਰਾਲੀ ਦੀ ਸੰਭਾਲ ਕਰਨੀ ਕਾਫੀ ਆਸਾਨ ਹੋ ਜਾਂਦੀ ਹੈ । ਸੁਪਰ ਸੀਡਰ ਮਸ਼ੀਨ ਦੇ ਚੱਲਣ ਲਈ ਜਿਆਦਾ ਹਾਰਸ ਪਾਵਰ ਵਾਲੇ ਟਰੈਕਟਰ ਦੀ ਲੋੜ ਪੈਂਦੀ ਹੈ, ਜੋ ਕਿ ਆਮ ਕਿਸਾਨ ਦੀ ਪਹੁੰਚ ਤੋਂ ਬਾਹਰ ਹੁੰਦੀ ਹੈ । ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਯੂਨੀਵਰਸਿਟੀ ਨੇ ਸਮਾਰਟ ਸੀਡਰ ਮਸ਼ੀਨ ਦੀ ਸਿਫਾਰਸ਼ ਕੀਤੀ ਹੈ, ਜੋ ਕਿ ਕਿਸਾਨਾਂ ਕੋਲ ਉਪਲਬਧ ਟਰੈਕਟਰ ਨਾਲ ਹੀ ਚੱਲ ਜਾਂਦੀ ਹੈ । ਇਹ ਮਸ਼ੀਨ ਸੁਪਰ ਸੀਡਰ ਅਤੇ ਹੈਪੀ ਸੀਡਰ ਦਾ ਸੁਮੇਲ ਹੈ, ਜੋ ਕਿ ਜ਼ਮੀਨ ਦੇ ਥੋੜ੍ਹੇ ਹਿੱਸੇ 'ਚ ਵਹਾਈ ਕਰਦੀ ਹੈ ਅਤੇ ਬਾਕੀ ਹਿੱਸੇ 'ਤੇ ਜ਼ਮੀਨ ਤੇ ਸਤਹ ਉੱਤੇ ਮਲਚ ਰਹਿੰਦੀ ਹੈ । ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਝੋਨੇ ਦੀ ਰਹਿੰਦ-ਖੂੰਹਦ ਦੀ ਸੰਭਾਲ ਦੇ ਨਾਲ-ਨਾਲ ਕਣਕ ਦੀ ਬਿਜਾਈ ਲਈ ਘੱਟ ਲਾਗਤ ਵਾਲੀ 'ਸਰਫੇਸ ਸੀਡਿੰਗ' ਤਕਨੀਕ ਸਿਫਾਰਸ਼ ਕੀਤੀ ਹੈ । ਇਸ ਤਕਨੀਕ 'ਚ 'ਸਰਫੇਸ ਸੀਡਰ' ਜੋ ਕਿ ਇਕ ਘੱਟ ਕੀਮਤ ਵਾਲੀ ਮਸ਼ੀਨ ਹੈ, ਉਸ ਨਾਲ ਕਣਕ ਦੇ ਬੀਜ ਅਤੇ ਮੁੱਢਲੀ ਰਸਾਇਣਕ ਖਾਦ ਨੂੰ ਕੰਬਾਈਨ ਨਾਲ ਕਟਾਈ ਕੀਤੇ ਝੋਨੇ ਵਾਲੇ ਖੇਤ 'ਚ ਇਕਸਾਰ ਕੇਰਦੀ ਹੈ । ਇਹ ਮਸ਼ੀਨ ਝੋਨੇ ਦੀ ਪਰਾਲੀ ਦੀ ਕਟਾਈ ਦੇ ਨਾਲ-ਨਾਲ ਇਸ ਨੂੰ ਖੇਤ 'ਚ ਇਕਸਾਰ ਖਿਲਾਰ ਦਿੰਦੀ ਹੈ, ਜੋ ਕਿ ਮਲਚ ਦਾ ਕੰਮ ਕਰਦੀ ਹੈ । ਇਸ ਤੋਂ ਇਲਾਵਾ, ਕੰਬਾਈਨ ਹਾਰਵੈਸਟਰ ਨਾਲ ਇਕ ਬੀਜ ਅਟੈਚਮੈਂਟ ਫਿੱਟ ਕਰਕੇ ਝੋਨੇ ਦੀ ਵਢਾਈ ਦੇ ਦੌਰਾਨ ਹੀ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ । ਇਸ ਤਰੀਕੇ ਨਾਲ ਬਿਜਾਈ ਕਰਨ ਤੋਂ ਬਾਅਦ 3-4 ਇੰਚ ਉੱਚਾਈ ਤੇ ਝੋਨੇ ਦੇ ਮੁੱਢਾ ਨੂੰ ਕਟਰ-ਕਮ ਸਪਰੈਡਰ ਨਾਲ ਕੱਟਿਆ ਜਾਂਦਾ ਹੈ ਅਤੇ ਇਸ ਤੋਂ ਬਾਅਦ ਕਣਕ ਦੇ ਉੱਗਣ ਲਈ ਸਿੰਚਾਈ ਕੀਤੀ ਜਾਂਦੀ ਹੈ । ਝੋਨੇ ਦੀ ਪਰਾਲੀ ਦੀ ਸੰਭਾਲ ਅਤੇ ਕਣਕ ਦੀ ਸਮੇਂ ਸਿਰ ਬਿਜਾਈ ਲਈ ਇਹ ਬਹੁਤ ਪ੍ਰਭਾਵਸ਼ਾਲੀ ਅਤੇ ਸਸਤੀ ਤਕਨੀਕ ਹੈ । ਖੇਤ 'ਚ ਖਿਲਾਰੀ ਪਰਾਲੀ ਦੀ ਮਲਚ ਨਦੀਨਾਂ ਦੇ ਉਭਾਰ ਨੂੰ ਰੋਕਦੀ ਹੈ, ਮਿੱਟੀ ਵਿਚਲੀ ਨਮੀਂ ਨੂੰ ਬਰਕਰਾਰ ਰੱਖਦੀ ਹੈ ਅਤੇ ਇਹ ਫਸਲ ਨੂੰ ਗਰਮੀ ਬਚਾਈ ਰੱਖਣ 'ਚ ਮਦਦਗਾਰ ਸਾਬਿਤ ਹੁੰਦੀ ਹੈ । ਇਨ੍ਹਾਂ ਮਸ਼ੀਨਾਂ ਦੀ ਵਰਤੋਂ ਨਾਲ ਝੋਨੇ ਦੀ ਪਰਾਲੀ ਸੰਭਾਲਣ ਬਦੌਲਤ ਹਵਾ ਪ੍ਰਦੂਸ਼ਣ ਨੂੰ ਘਟਾਉਣ 'ਚ ਮਦਦ ਮਿਲਦੀ, ਮਿੱਟੀ ਦੀ ਸਿਹਤ 'ਚ ਸੁਧਾਰ ਹੁੰਦਾ ਹੈ, ਰਸਾਇਣਕ ਖਾਦਾਂ 'ਤੇ ਨਿਰਭਰਤਾ ਘੱਟਦੀ ਹੈ ਅਤੇ ਖੇਤੀ ਰਸਾਇਣਾਂ ਨਾਲ ਹੋ ਰਹੇ ਮਿੱਟੀ ਦੇ ਪ੍ਰਦੂਸ਼ਣ ਨੂੰ ਘੱਟ ਕਰਨ 'ਚ ਮਦਦ ਮਿਲਦੀ ਹੈ ।

ਫਸਲਾਂ ਦੀ ਰਹਿੰਦ-ਖੂੰਹਦ ਦੀ ਸੁਚੱਜੀ ਸੰਭਾਲ ਕਰਨ ਲਈ ਪੰਜਾਬ ਐਗਰੀ-ਕਲਚਰਲ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਕਿਸਾਨ ਸਲਾਹਕਾਰ ਸੇਵਾ ਕੇਂਦਰਾਂ ਵੱਲੋਂ ਬਹੁਤ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ । ਇਨ੍ਹਾਂ ਕੇਂਦਰਾਂ ਵਲੋਂ ਆਪਣੀਆਂ ਪਸਾਰ ਗਤੀਵਿਧੀਆਂ ਦੁਆਰਾ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਮੁਹੱਈਆ ਕਰਨ ਅਤੇ ਜਾਗਰੂਕਤਾ ਪੈਦਾ ਕਰਨ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ । ਝੋਨੇ ਦੀ ਵਾਢੀ ਦਾ ਸਮਾਂ ਨੇੜੇ ਆ ਰਿਹਾ ਹੈ ਅਤੇ ਸਾਰੇ ਕਿਸਾਨਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਝੋਨੇ ਦੀ ਪਰਾਲੀ ਨੂੰ ਨਾ ਸਾੜੋ, ਕਿਉਕਿ ਇਹ ਤੁਹਾਡੇ ਖੇਤਾਂ ਲਈ ਬਹੁਤ ਕੀਮਤੀ ਸਰੋਤ ਹੈ । ਸੂਬੇ ਦੇ ਹਿੱਤਾਂ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਜੈਵ ਵਿਭਿੰਨਤਾ ਦੀ ਸੰਭਾਲ ਕਰਨਾ, ਪ੍ਰਦੂਸ਼ਣ ਨੂੰ ਘਟਾਉਣ ਅਤੇ ਮਿੱਟੀ ਦੀ ਸਿਹਤ ਨੂੰ ਕਾਇਮ ਰੱਖਣਾ ਸਾਡਾ ਫਰਜ਼ ਹੈ ।



# ਪਰਾਲੀ ਬਿਨਾਂ ਸਾੜੇ ਖੇਤਾਂ 'ਚ ਮਿਲਾਉਣ ਕਿਸਾਨ : ਅਮਰਜੀਤ



ਵਾਤਾਵਰਣ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਕਿਸਾਨ ਪੂਰੀ ਤਰ੍ਹਾਂ ਸੁਚੇਤ ਹੋ ਗਏ ਹਨ, ਜਿਸ ਦੀ ਮਿਸਾਲ ਪਟਿਆਲਾ ਜ਼ਿਲ੍ਹੇ ਦੇ ਪਿੰਡ ਹਿਰਦਾਪੁਰ ਦਾ ਨੌਜਵਾਨ ਕਿਸਾਨ ਅਮਰਜੀਤ ਸਿੰਘ ਹੈ, ਜੋ ਆਪਣੀ ਚਾਰ ਏਕੜ ਜ਼ਮੀਨ ਵਿਚ ਬਿਨ੍ਹਾਂ ਅੱਗ ਲਗਾਏ ਪਰਾਲੀ ਦਾ ਨਿਪਟਾਰਾ ਹੈਪੀ ਸੀਡਰ ਨਾਲ ਪਰਾਲੀ ਨੂੰ ਖੇਤਾਂ 'ਚ ਹੀ ਮਿਲਾਕੇ ਕਰਦਾ ਆ ਰਿਹਾ ਹੈ ।

ਆਪਣਾ ਖੇਤੀ ਤਜਰਬਾ ਸਾਂਝਾ ਕਰਦਿਆਂ ਅਗਾਂਹਵਧੂ ਕਿਸਾਨ ਅਮਰਜੀਤ ਸਿੰਘ ਨੇ ਕਿਹਾ ਕਿ ਉਸ ਨੇ ਆਪਣੀ ਚਾਰ ਏਕੜ ਜ਼ਮੀਨ 'ਚ ਪਿਛਲੇ ਸੱਤ ਸਾਲਾਂ ਦੌਰਾਨ ਕਦੇ ਅੱਗ ਨਹੀਂ ਲਗਾਈ ਸਗੋਂ ਹੈਪੀ ਸੀਡਰ ਦੀ ਵਰਤੋਂ ਕਰਕੇ ਪਰਾਲੀ ਨੂੰ ਖੇਤਾਂ ਵਿਚ ਹੀ ਮਿਲਾਉਂਦਾ ਆ ਰਿਹਾ ਹੈ । 25 ਸਾਲਾ ਅਗਾਂਹਵਧੂ ਕਿਸਾਨ ਅਮਰਜੀਤ ਸਿੰਘ ਨੇ ਦੱਸਿਆ ਕਿ ਪਹਿਲਾਂ ਉਨ੍ਹਾਂ ਦੇ ਖੇਤ ਵਿਚ ਗੁੱਲੀ ਡੰਡੇ ਦੀ ਬਹੁਤ ਸਮੱਸਿਆ ਸੀ ਖੇਤੀ ਵਿਚ ਕਣਕ ਤੋਂ ਪਹਿਲਾਂ ਗੁੱਲੀ ਡੰਡਾ ਹੋ ਜਾਂਦਾ ਸੀ ਅਤੇ ਕਣਕ ਦਾ ਝਾੜ ਵੀ ਪ੍ਰਤੀ ਬਿੱਘਾ ਸਾਢੇ ਤਿੰਨ ਕੁਇੰਟਲ ਹੁੰਦਾ ਸੀ । ਪਰ ਜਦੋਂ ਤੋਂ ਪਰਾਲੀ ਦਾ ਨਿਪਟਾਰਾ ਖੇਤਾਂ ਵਿਚ ਹੀ ਕਰਨਾ ਸ਼ੁਰੂ ਕੀਤਾ ਹੈ ਤਾਂ ਹੌਲੀ ਹੌਲੀ ਖੇਤ 'ਚੋਂ ਗੁੱਲੀ ਡੰਡੇ ਦੀ ਸਮੱਸਿਆ ਬਿਲਕੁਲ ਖਤਮ ਹੋ ਗਈ ਹੈ ਅਤੇ ਹੁਣ ਤਾਂ ਗੁੱਲੀ ਡੰਡੇ ਦੀ ਸਪਰੇਅ ਕਰਨ ਦੀ ਵੀ ਜ਼ਰੂਰਤ ਨਹੀਂ ਪੈਂਦੀ ਹੈ ਅਤੇ ਝਾੜ ਵਿੱਚ ਵੀ ਪ੍ਰਤੀ ਬਿੱਘਾ ਇੱਕ ਕੁਇੰਟਲ ਦਾ ਵਾਧਾ ਹੋ ਗਿਆ ਹੈ ।

ਉਨ੍ਹਾਂ ਦੱਸਿਆ ਕਿ ਪਰਾਲੀ ਨੂੰ ਖੇਤਾਂ ਵਿਚ ਅੱਗ ਨਾ ਲਗਾਉਣ ਨਾਲ ਜਿਥੇ ਖਾਦਾਂ ਦੀ ਵਰਤੋਂ 'ਚ ਕਮੀ ਆਈ ਹੈ, ਉਥੇ ਹੀ ਖੇਤਾਂ 'ਚ ਪਾਣੀ ਨਹੀਂ ਖੜ੍ਹਦਾ ਤੇ ਕਣਕ ਦੀ ਫਸਲ ਦੇ ਗਿਰਨ ਦੀ ਸਮੱਸਿਆ ਵੀ ਨਹੀਂ ਆਉਂਦੀ । ਉਨ੍ਹਾਂ ਹੋਰਨਾਂ ਕਿਸਾਨਾਂ ਨੂੰ ਪਰਾਲੀ ਦਾ ਨਿਪਟਾਰਾ ਖੇਤਾਂ ਵਿਚ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਅਜਿਹਾ ਕਰਨ ਨਾਲ ਨਾ ਸਿਰਫ ਅਸੀਂ ਆਪਣੀ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੇ ਹਾਂ ਸਗੋਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਰਹਿਣ ਲਈ ਸੁਰੱਖਿਅਤ ਵਾਤਾਵਰਨ ਦੇਣ 'ਚ ਯੋਗਦਾਨ ਪਾਵਾਂਗੇ । ਪਟਿਆਲਾ ਦੇ ਡਿਪਟੀ ਕਮਿਸ਼ਨਰ ਨੇ ਅਗਾਂਹਵਧੂ ਕਿਸਾਨ ਅਮਰਜੀਤ ਸਿੰਘ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਨੌਜਵਾਨ ਕਿਸਾਨ ਹੋਰਨਾਂ ਕਿਸਾਨਾਂ ਲਈ ਪ੍ਰੇਰਨਾ ਦਾ ਸਰੋਤ ਹਨ ।

# ਪਾਲਤੂ ਜਾਨਵਰਾਂ 'ਤੇ ਇੰਨੀ ਬੇਰਹਿਮੀ ਕਿਉਂ



ਟੈਮੀ ਹਾਰ ਬੋਲਟ ਲੁਈ ਸੁਵਿਲੇ ਯੂਨੀਵਰਸਿਟੀ, ਅਮਰੀਕਾ ਵਿਚ ਜੈਂਡਰ ਪੜ੍ਹਾਉਂਦੀ ਹੈ। ਉਹ ਜਾਨਵਰਾਂ ਅਤੇ ਪੰਛੀਆਂ ਦੀ ਰੱਖਿਆ ਲਈ ਅੰਦੋਲਨ ਦੀ ਇਕ ਪ੍ਰਮੁੱਖ ਆਗੂ ਵੀ ਹੈ। ਉਨ੍ਹਾਂ ਅਨੁਸਾਰ ਔਰਤਾਂ ਹਮੇਸ਼ਾ ਪਸ਼ੂ-ਪੰਛੀਆਂ ਦੀ ਰਾਖੀ ਕਰਦੀਆਂ ਰਹੀਆਂ ਹਨ। ਉਨ੍ਹਾਂ ਨੂੰ ਪਾਲਦੀਆਂ ਆਈਆਂ ਹਨ। ਅਮਰੀਕਾ ਵਿਚ 1800 ਤੋਂ ਜਾਨਵਰਾਂ ਦੀ ਸੁਰੱਖਿਆ ਲਈ ਅੰਦੋਲਨ ਚੱਲ ਰਿਹਾ ਹੈ। ਅੱਜ ਵੀ ਇਸ ਵਿਚ 80 ਫੀਸਦੀ ਔਰਤਾਂ ਹੀ ਕੰਮ ਕਰਦੀਆਂ ਹਨ।

ਹਾਰਬੋਲਟ ਦੇ ਅਨੁਸਾਰ, ਖੋਜ ਦਰਸਾਉਂਦੀ ਹੈ ਕਿ ਇਹ ਔਰਤਾਂ ਹੀ ਸਨ ਜਿਨ੍ਹਾਂ ਨੇ ਜਾਨਵਰਾਂ ਨੂੰ ਘਰ ਵਿਚ ਰਹਿਣਾ ਸਿਖਾਇਆ ਅਤੇ ਉਨ੍ਹਾਂ ਨੂੰ ਪਾਲਤੂ ਬਣਾਇਆ। ਉਨ੍ਹਾਂ ਨੇ ਹੀ ਘਰ ਵਿਚ ਰੁੱਖ ਅਤੇ ਪੌਦੇ ਉਗਾਏ। ਸਦੀਆਂ ਤੋ ਘਰਾਂ ਵਿਚ ਗਾਵਾਂ, ਮੱਝਾਂ, ਬਲਦ, ਬੱਕਰੀਆਂ, ਭੇਡਾਂ, ਕੁੱਤੇ, ਖਰਗੋਸ਼, ਬੱਤਖ ਆਦਿ ਪਸ਼ੂ ਪਾਲੇ ਜਾਂਦੇ ਰਹੇ ਹਨ। ਸਿਰਫ ਔਰਤਾਂ ਹੀ ਇਨ੍ਹਾਂ ਦੀ ਦੇਖਭਾਲ ਕਰਦੀਆਂ ਰਹੀਆਂ ਹਨ। ਹਾਰਬੋਲਟ ਦੀ ਗੱਲ ਸਹੀ ਹੈ। ਅੱਜ ਵੀ, ਭਾਰਤ ਦੇ ਪੇਂਡੂ ਖੇਤਰਾਂ ਵਿਚ, ਜ਼ਿਆਦਾਤਰ ਔਰਤਾਂ ਹੀ ਪਸ਼ੂਆਂ ਦੀ ਦੇਖਭਾਲ ਕਰਦੀਆਂ ਹਨ। ਉਹ ਹੀ ਉਨ੍ਹਾਂ ਨੂੰ ਚੋਂਦੀਆਂ ਹਨ। ਚਾਰਾ ਪਾਉਣ ਅਤੇ ਪਾਣੀ ਪਿਲਾਉਣ ਤੋਂ ਲੈ ਕੇ ਨਹਾਉਂਦੀਆਂ-ਧੁਆਉਂਦੀਆਂ ਵੀ ਹਨ। ਭਾਰਤ ਦੇ ਸ਼ਹਿਰੀ ਇਲਾਕਿਆਂ ਵਿਚ ਵੀ ਅਜਿਹਾ ਹੀ ਦੇਖਣ ਨੂੰ ਮਿਲਦਾ ਹੈ। ਇੱਥੋਂ ਤੱਕ ਕਿ ਕਈ ਔਰਤਾਂ ਆਪਣੇ ਪਾਲਤੂ ਜਾਨਵਰ ਵੀ ਆਪਣੇ ਨਾਲ ਲੈ ਜਾਂਦੀਆਂ ਹਨ।

ਇਸ ਲੇਖਕਾ ਨੇ ਵੀ ਦੇਖਿਆ ਹੈ ਕਿ ਕਈ ਨੌਕਰੀਪੇਸ਼ਾ ਔਰਤਾਂ ਆਪਣੀਆਂ ਬਿੱਲੀਆਂ, ਕੁੱਤਿਆਂ, ਖਰਗੋਸ਼ਾਂ ਆਦਿ ਨੂੰ ਆਪਣੇ ਨਾਲ ਦਫਤਰ ਲੈ ਜਾਂਦੀਆਂ ਹਨ। ਹੁਣ ਭਾਰਤ ਵਿਚ ਕਈ ਕੰਪਨੀਆਂ ਆਪਣੇ ਕਰਮਚਾਰੀਆਂ ਨੂੰ ਆਪਣੇ ਪਾਲਤੂ ਜਾਨਵਰਾਂ ਨੂੰ ਦਫਤਰ ਵਿਚ ਲਿਆਉਣ ਦੀ ਇਜਾਜ਼ਤ ਦੇ ਰਹੀਆਂ ਹਨ। ਕੁਝ ਅਜਿਹੀਆਂ ਸ਼ਰਤਾਂ ਨਾਲ ਕਿ ਉਹ ਕਿਸੇ ਨੂੰ ਨੁਕਸਾਨ ਨਾ ਪਹੁੰਚਾਉਣ ਅਤੇ ਕੰਮ ਵਿਚ ਵਿਘਨ ਨਾ ਪੈਦਾ ਕਰਨ। ਪੱਛਮੀ ਦੇਸ਼ ਹੋਵੇ ਜਾਂ ਭਾਰਤ, ਇੱਥੇ ਇਕੱਲੀਆਂ ਰਹਿਣ ਵਾਲੀਆਂ ਬਹੁਤ ਸਾਰੀਆਂ ਕੁੜੀਆਂ ਆਪਣੀ ਸੰਗਤ ਲਈ ਕੋਈ ਜਾਨਵਰ ਪਾਲਦੀਆਂ ਹਨ। ਉਹ ਬੱਚਿਆਂ ਵਾਂਗ ਉਨ੍ਹਾਂ ਦੀ ਦੇਖਭਾਲ ਕਰਦੀਆਂ ਹਨ। ਕਈ ਮੁੰਡੇ ਵੀ ਅਜਿਹਾ ਕਰਦੇ ਹਨ।

ਹਾਰਬੋਲਟ ਮੁਤਾਬਕ ਅਮਰੀਕਾ 'ਚ ਅਜਿਹੇ ਲੋਕ ਵੀ ਦੇਖਣ 'ਚ ਆਉਂਦੇ ਹਨ, ਜੋ ਪਹਿਲਾਂ ਜਾਨਵਰਾਂ ਨੂੰ ਪਾਲਦੇ ਹਨ ਪਰ ਜਦੋਂ ਉਹ ਉਨ੍ਹਾਂ ਦੀ ਦੇਖਭਾਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਅਨਾਥ ਛੱਡ ਦਿੰਦੇ ਹਨ। ਜੇ ਉਹ ਬੀਮਾਰ ਹੋ ਜਾਣ, ਤਾਂ ਵੀ ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ। ਕਿਉਂਕਿ ਅੱਜਕੱਲ ਅਮਰੀਕਾ ਵਿਚ ਜ਼ਿਆਦਾਤਰ ਵੈਟਰਨਰੀ ਕਲੀਨਿਕ ਵੱਡੀਆਂ ਕੰਪਨੀਆਂ ਦੇ ਕਬਜ਼ੇ 'ਚ ਹਨ ਅਤੇ ਉੱਥੇ ਇਲਾਜ ਵੀ ਬਹੁਤ ਮਹਿੰਗਾ ਹੈ। ਜਾਨਵਰਾਂ ਪ੍ਰਤੀ ਅਜਿਹੀ ਬੇਰਹਿਮੀ ਨੂੰ ਰੋਕਣ ਲਈ ਇੱਥੇ ਵੀ ਕੋਈ ਸਖਤ ਕਾਨੂੰਨ ਨਹੀਂ ਹਨ। ਭਾਵੇਂ ਇੱਥੇ ਕਾਨੂੰਨ ਹਨ, ਉਨ੍ਹਾਂ ਦੀ ਪਾਲਣਾ ਕੌਣ ਕਰਦਾ ਹੈ? ਇੱਥੋਂ ਦੀ ਇਕ ਹੋਰ ਉਦਾਹਰਣ ਵੇਖੋ।

ਅੱਜਕੱਲ ਅਕਸਰ ਕਿਹਾ ਜਾਂਦਾ ਹੈ ਕਿ ਆਵਾਰਾ ਪਸ਼ੂ ਖੇਤੀ ਨੂੰ ਬਹੁਤ ਨੁਕਸਾਨ ਪਹੁੰਚਾ ਰਹੇ ਹਨ। ਆਵਾਰਾ ਪਸ਼ੂ ਵੀ ਚੋਣਾਂ ਵਿਚ ਜਿੱਤ-ਹਾਰ ਦਾ ਮੁੱਦਾ ਬਣ ਰਹੇ ਹਨ। ਅਜਿਹੀਆਂ ਵੀਡੀਓਜ਼ ਵੀ ਦੇਖਣ ਨੂੰ ਮਿਲ ਰਹੀਆਂ ਹਨ ਜਿੱਥੇ ਸੈਂਕੜੇ ਪਸ਼ੂ ਖੇਤਾਂ ਦੇ ਕੰਢੇ ਖੜ੍ਹੇ ਹਨ। ਉਨ੍ਹਾਂ ਦੇ ਖਾਣ ਲਈ ਕੁਝ ਨਹੀਂ ਅਤੇ ਨਾ ਹੀ ਪੀਣ ਲਈ ਪਾਣੀ। ਸੱਚਾਈ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਜਾਨਵਰ ਆਵਾਰਾ ਨਹੀਂ ਹਨ, ਕਿਸੇ ਨਾ ਕਿਸੇ ਦੇ ਪਾਲਤੂ ਰਹੇ ਹੋਣਗੇ ਪਰ ਉਹ ਮਨੁੱਖੀ ਲਾਲਚ ਦਾ ਸ਼ਿਕਾਰ ਹਨ।

ਹੁਣ ਜਦੋਂ ਉਹ ਦੁੱਧ ਨਹੀਂ ਦਿੰਦੇ, ਬੁੱਢੇ ਹੋ ਗਏ ਹਨ ਅਤੇ ਕਿਸੇ ਕੰਮ ਦੇ ਨਹੀਂ ਹਨ, ਤਾਂ ਕੋਈ ਉਨ੍ਹਾਂ ਦੀ ਦੇਖਭਾਲ ਕਿਉਂ ਕਰੇ? ਖੁਆਓ, ਪਿਆਓ। ਇਹ ਬੇਚਾਰੇ ਕਿੱਥੇ ਜਾਣ? ਕੀ ਕਰਨ? ਕੀ ਖਾਣ? ਇਸੇ ਲਈ ਉਹ ਖੇਤਾਂ ਵਿਚ ਵੜਦੇ ਹਨ। ਫਸਲਾਂ ਦਾ ਨੁਕਸਾਨ ਕਰਦੇ ਹਨ। ਕੋਈ ਇਨ੍ਹਾਂ ਦੀ ਜ਼ਿੰਦਗੀ ਦੀ ਰੱਖਿਆ ਬਾਰੇ ਸੋਚਦਾ ਹੀ ਨਹੀਂ ਹੈ।

ਅੱਜਕੱਲ, ਟਰੈਕਟਰਾਂ ਦੀ ਮੌਜੂਦਗੀ ਵਿਚ, ਜਦ ਬਲਦਾਂ ਦੀ ਜ਼ਰੂਰਤ ਖਤਮ ਹੋ ਗਈ ਹੈ, ਬਹੁਤ ਸਾਰੇ ਲੋਕ ਵੱਛਿਆਂ ਨੂੰ ਪੈਦਾ ਹੁੰਦੇ ਹੀ ਖਦੇੜ ਦਿੰਦੇ ਹਨ, ਜੇ ਇਹ ਬੱਚੇ ਭੁੱਖ-ਪਿਆਸ ਨਾਲ ਮਰ ਵੀ ਜਾਣ, ਤਾਂ ਕਿਸੇ ਨੂੰ ਕੀ ਫਰਕ ਪੈਂਦਾ ਹੈ?

ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਇਹ ਵੀ ਦੇਖਿਆ ਗਿਆ ਹੈ ਕਿ ਬਹੁਤ ਸਾਰੇ ਪਾਲਤੂ ਜਾਨਵਰ, ਜ਼ਿਆਦਾਤਰ ਕੁੱਤੇ, ਲਾਵਾਰਿਸ ਛੱਡ ਦਿੱਤੇ ਜਾਂਦੇ ਹਨ। ਜਦੋਂ ਜਾਨਵਰਾਂ ਨੂੰ ਪਾਲਣ ਵਾਲੇ ਲੋਕ ਹੀ ਆਪਣੇ ਪਸ਼ੂਆਂ ਤੋਂ ਛੁਟਕਾਰਾ ਪਾ ਲੈਂਦੇ ਹਨ ਤਾਂ ਪਸ਼ੂ ਸੁਰੱਖਿਆ ਸੰਸਥਾਵਾਂ ਕਿੰਨੀ ਜ਼ਿੰਮੇਵਾਰੀ ਲੈ ਸਕਦੀਆਂ ਹਨ?

ਆਖਰਕਾਰ, ਇਹ ਧਰਤੀ ਜਾਨਵਰਾਂ ਦੀ ਵੀ ਓਨੀ ਹੀ ਹੈ ਜਿੰਨੀ ਮਨੁੱਖਾਂ ਦੀ ਪਰ ਮਨੁੱਖਾਂ ਨੇ ਇਸ ਨੂੰ ਆਪਣੇ ਇਲਾਵਾ ਕਿਸੇ ਹੋਰ ਲਈ ਨਹੀਂ ਛੱਡਿਆ ਜਿਸ ਕਾਰਨ ਪਸ਼ੂ, ਪੰਛੀ, ਦਰਿਆ, ਪਹਾੜ ਸਭ ਬਰਬਾਦ ਹੋ ਗਏ ਹਨ। ਹਾਲਾਂਕਿ ਕਈ ਵਾਰ ਬਹੁਤ ਮਾਨਵੀ ਦ੍ਰਿਸ਼ ਵੀ ਦੇਖਣ ਨੂੰ ਮਿਲਦੇ ਹਨ। ਇਕ ਵੀਡੀਓ ਵਿਚ ਇਕ ਹਿਰਨ ਦੇ ਇਕ ਅਨਾਥ ਬੱਚੇ ਨੂੰ ਇਕ ਔਰਤ ਨੇ ਆਪਣਾ ਦੁੱਧ ਪਿਲਾ ਕੇ ਪਾਲਿਆ ਸੀ। ਇਹ ਹਿਰਨ ਦਾ ਬੱਚਾ ਇਸ ਔਰਤ ਨੂੰ ਹੀ ਆਪਣੀ ਮਾਂ ਸਮਝਦਾ ਸੀ।

ਦੂਸਰੀ ਵੀਡੀਓ ਵਿਚ ਕਾਰ ਵਿਚ ਸਫਰ ਕਰ ਰਹੇ ਇਕ ਲੜਕੇ ਨੇ ਇਕ ਵੱਛੇ ਦੀ ਲੱਤ ਨੂੰ ਦੋ ਮੋਟੀਆਂ ਲੋਹੇ ਦੀਆਂ ਤਾਰਾਂ ਵਿਚ ਫਸਿਆ ਦੇਖਿਆ। ਉਹ ਕਾਰ ਤੋਂ ਉਤਰ ਕੇ ਬਾਹਰ ਕੱਢਣ ਲੱਗਾ ਪਰ ਅਸਫਲ ਰਿਹਾ। ਫਿਰ ਕਈ ਹੋਰ ਕਾਰਾਂ ਉਸ ਦੇ ਨੇੜੇ ਆ ਕੇ ਰੁਕੀਆਂ ਅਤੇ ਸਾਰਿਆਂ ਨੇ ਮਿਲ ਕੇ ਬੱਚੇ ਦੀ ਲੱਤ ਨੂੰ ਬਾਹਰ ਕੱਢਿਆ। ਉਸ ਦੀ ਮਾਂ ਇਹ ਸਾਰਾ ਸਮਾਂ ਨੇੜੇ ਹੀ ਖੜ੍ਹੀ ਸੀ। ਜਿਵੇਂ ਹੀ ਬੱਚਾ ਬਾਹਰ ਆਇਆ, ਉਹ ਭੱਜ ਕੇ ਆਪਣੀ ਮਾਂ ਵੱਲ ਦੌੜਿਆ ਅਤੇ ਦੁੱਧ ਪੀਣ ਲੱਗਾ। ਖੂਹ ਵਿਚ ਡਿੱਗੀ ਬਿੱਲੀ ਨੂੰ ਇਕ ਲੜਕੇ ਨੇ ਰੱਸੀ ਦੀ ਮਦਦ ਨਾਲ ਬਾਹਰ ਕੱਢਿਆ ਸੀ। ਅਜਿਹੀਆਂ ਮਨੁੱਖੀ ਮਿਸਾਲਾਂ ਸੱਚਮੁੱਚ ਹੀ ਅਪਣਾਉਣ ਵਾਲੀਆਂ ਹਨ।

ਪਰ ਜਾਨਵਰਾਂ ਪ੍ਰਤੀ ਜ਼ੁਲਮ ਨੂੰ ਕਿਵੇਂ ਘਟਾਇਆ ਜਾਵੇ, ਇਹ ਸੋਚਣ ਦਾ ਵਿਸ਼ਾ ਹੈ। ਸਾਡੇ ਈਕੋਸਿਸਟਮ ਵਿਚ, ਹਰ ਜਾਨਵਰ, ਕੀੜੇ, ਇੱਥੋਂ ਤੱਕ ਕਿ ਐਲਗੀ, ਹਰ ਇਕ ਦੀ ਲੋੜ ਹੈ। ਜੇਕਰ ਕਿਸੇ ਨੂੰ ਵੀ ਨੁਕਸਾਨ ਪਹੁੰਚਦਾ ਹੈ ਤਾਂ ਪੂਰੇ ਵਾਤਾਵਰਣ ਨੂੰ ਨੁਕਸਾਨ ਪਹੁੰਚਦਾ ਹੈ। ਵੈਸੇ ਵੀ, ਜਾਨਵਰ ਸਿਰਫ ਇਕੱਲੇ ਰਹਿਣ ਵਾਲਿਆਂ ਦੇ ਹੀ ਦੋਸਤ ਨਹੀਂ ਹੁੰਦੇ। ਉਹ ਬੱਚਿਆਂ ਦੇ ਵੀ ਬਹੁਤ ਮਿੱਤਰ ਹੁੰਦੇ ਹਨ। ਬੱਚੇ ਵੀ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਨ।

**- ਸ਼ਮਾ ਸ਼ਰਮਾ**

ਬਾਕੀ ਸਫਾ 6 'ਤੇ

# ਨਵੀਂ ਖੇਤੀ ਨੀਤੀ ਅਤੇ ਉਸ ਨੂੰ ਲਾਗੂ ਕਰਨਾ

ਤੋਂ ਆ ਰਹੇ ਮੀਂਹ ਦੇ ਪਾਣੀ ਨੂੰ ਧਰਤੀ ਹੇਠ ਭੇਜਿਆ ਜਾਵੇ। ਖੇਤ ਮੈਦਾਨਾਂ ਵਿਚ ਵੀ ਬਰਸਾਤ ਦੇ ਪਾਣੀ ਨੂੰ ਧਰਤੀ ਹੇਠ ਭੇਜਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

ਅਗਲੀ ਸਮੱਸਿਆ ਪ੍ਰਦੂਸ਼ਣ ਅਤੇ ਤਪਸ਼ ਵਿਚ ਵਾਧਾ ਹੈ ਇਸ ਲਈ ਕਿਸਾਨਾਂ ਨੂੰ ਹੀ ਜ਼ੁੰਮੇਵਾਰ ਠਹਿਰਾਇਆ ਜਾਂਦਾ ਹੈ। ਕਈ ਤਾਂ ਹਰੇ ਇਨਕਲਾਬ ਨੂੰ ਕੈਂਸਰ ਇਨਕਲਾਬ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਹਾਲਾਂਕਿ ਇਸ ਲਈ ਕਿਸਾਨ ਨਹੀਂ ਅਸੀਂ ਸਾਰੇ ਜ਼ੁੰਮੇਵਾਰ ਹਾਂ। ਇਸ ਦੀ ਇਕ ਮਿਸਾਲ ਲੁਧਿਆਣਾ ਸ਼ਹਿਰ ਵਿੱਚੋਂ ਵਗਦਾ ਬੁੱਢਾ ਦਰਿਆ ਜਾਂ ਆਖੋ ਗੰਦਾ ਨਾਲਾ ਹੈ। ਅੱਧੀ ਸਦੀ ਪਹਿਲਾਂ ਇਹ ਮਾਛੀਵਾੜੇ ਲੋਕੋਂ ਸਤਲੁਜ ਦਰਿਆ ਵਿੱਚੋਂ ਨਿਕਲਦਾ ਸੀ ਤੇ ਇਸ ਦਾ ਪਾਣੀ ਸਾਫ ਹੁੰਦਾ ਸੀ। ਜਦੋਂ ਦਰਿਆ ਦੇ ਕੰਢੇ ਬਣਾਏ ਗਏ ਤਾਂ ਇਹ ਦਰਿਆ ਵੀ ਬੰਦ ਹੋ ਗਿਆ। ਮੁੜ ਇਹ ਕੂੰਮ ਕਲਾਂ ਪਿੰਡ ਦੇ ਗੰਦੇ ਪਾਣੀ ਨਾਲ ਸ਼ੁਰੂ ਹੁੰਦਾ ਹੈ। ਹੌਲੀ-ਹੌਲੀ ਇਸਦੇ ਨੇੜੇ ਫੈਕਟਰੀਆਂ ਲੱਗ ਗਈਆਂ ਅਤੇ ਡੇਰੀਆਂ ਖੁੱਲ੍ਹ ਗਈਆਂ ਸਾਰਾ ਗੰਦਾ ਪਾਣੀ ਵੀ ਇਸ ਵਿਚ ਪੈਣ ਲੱਗ ਪਿਆ। ਲੁਧਿਆਣਾ ਸ਼ਹਿਰ ਦਾ ਸਾਰਾ ਗੰਦ ਵੀ ਇਸੇ ਵਿਚ ਹੀ ਪੈਂਦਾ ਹੈ। ਜਦੋਂ ਇਹ ਸਤਲੁਜ ਦਰਿਆ ਵਿਚ ਜਾ ਕੇ ਪੈਂਦਾ ਹੈ ਤਾਂ ਜ਼ਹਿਰੀਲੀਆਂ ਧਾਤਾਂ ਨਾਲ ਕਾਲੇ ਰੰਗ ਦਾ ਹੁੰਦਾ ਹੈ। ਜਿਸ ਵਿਚ ਮੱਛੀ ਵੀ ਦੋ ਮਿੰਟ ਜ਼ਿੰਦਾ ਨਹੀਂ ਰਹਿ ਸਕਦੀ। ਇਹ ਪਾਣੀ ਨਹਿਰਾਂ ਰਾਹੀਂ ਮਾਲਵੇ ਅਤੇ ਰਾਜਸਥਾਨ ਦੇ ਕੁਝ ਇਲਾਕੇ ਦੇ ਲੋਕਾਂ ਨੂੰ ਪੀਣਾ ਪੈਂਦਾ ਹੈ। ਕੈਂਸਰ ਦਾ ਅਸਲ ਕਾਰਨ ਇਹੋ ਹੀ ਹੈ। ਪੰਜਾਬ ਦੇ ਸਾਰੇ ਪਿੰਡਾਂ, ਸ਼ਹਿਰਾਂ ਦਾ ਗੰਦ ਪਾਣੀ ਵੀ ਦਰਿਆਵਾਂ ਵਿਚ ਹੀ ਜਾ ਕੇ ਪੈਂਦਾ ਹੈ। ਕਿਸੇ ਵੀ ਸਰਕਾਰ ਨੇ ਸੀਵਰੇਜ਼ ਦੇ ਪਾਣੀ ਨੂੰ ਸੋਧ ਕੇ ਸਿੰਚਾਈ ਲਈ ਵਰਤੋਂ ਕਰਨ ਦਾ ਯਤਨ ਨਹੀਂ ਕੀਤਾ। ਬੁੱਢੇ ਦਰਿਆ ਨੂੰ ਸਾਫ ਕਰਨ ਲਈ ਬਹੁਤ ਪ੍ਰਚਾਰ ਹੋਇਆ ਹੈ ਅਤੇ ਹੋ ਰਿਹਾ ਹੈ। ਪੈਸਾ ਵੀ ਅੰਨ੍ਹੇਵਾਹ ਖਰਚਿਆ ਗਿਆ ਪਰ ਪਾਣੀ ਸਾਫ ਹੋਣ ਦੀ ਥਾਂ ਹੋਰ ਗੰਦਾ ਹੋ ਰਿਹਾ ਹੈ। ਜਿੱਥੇ ਸੀਵਰੇਜ਼ ਨਹੀਂ ਹੈ ਉੱਥੇ ਗੰਦ ਧਰਤੀ ਹੇਠਲੇ ਪਾਣੀ ਵਿਚ ਜਾਂਦਾ ਹੈ। ਕਿਸਾਨਾਂ ਲਈ ਰਸਾਇਣ ਖਾਦਾਂ ਦੀ ਵਰਤੋਂ ਕਰਨੀ ਮਜ਼ਬੂਰੀ ਹੈ। ਜਦੋਂ ਸਿੰਚਾਈ ਸਹੂਲਤਾਂ ਨਹੀਂ ਸਨ ਤਾਂ ਬਹੁਤੀ ਧਰਤੀ ਵਿਚ ਕੇਵਲ ਇਕ ਹੀ ਫਸਲ ਹੁੰਦੀ ਹੈ ਅਤੇ ਉਪਜ ਵੱਧ ਤੋਂ ਵੱਧ 10 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ। ਹੁਣ ਧਰਤੀ ਵਿੱਚੋਂ ਘੱਟੋ ਘੱਟ ਦੋ ਫਸਲਾਂ ਲਈਆਂ ਜਾਂਦੀਆਂ ਹਨ ਅਤੇ ਉਪਜ 50 ਕੁਇੰਟਲ ਪ੍ਰਤੀ ਸਾਲ ਤੋਂ ਵੱਧ ਹੈ। ਵੱਧ ਝਾੜ ਲੈਣ ਲਈ ਧਰਤੀ ਨੂੰ ਖੁਰਾਕ ਵੀ ਵੱਧ ਚਾਹੀਦੀ ਹੈ। ਜਦੋਂ ਮਸ਼ੀਨੀ ਖੇਤੀ ਨਹੀਂ ਸੀ ਉਦੋਂ ਡੰਗਰਾਂ ਦੀ ਰੂੜੀ ਕਾਫੀ ਹੁੰਦੀ ਸੀ। ਹੁਣ ਡੰਗਰ ਤਾਂ ਹੈ ਨਹੀਂ ਪਰ ਧਰਤੀ ਦੀ ਲੋੜ ਵੱਧ ਗਈ ਹੈ। ਧਰਤੀ ਜ਼ਹਿਰੀਲੀ ਨਹੀਂ ਹੋਈ ਕਿਉਂਕਿ, ਪ੍ਰਤੀ ਏਕੜ ਝਾੜ ਘਟ ਨਹੀਂ ਹੋਇਆ ਸਗੋਂ ਇਸ ਵਿਚ ਵਾਧਾ ਹੋਇਆ ਹੈ। ਉਦੋਂ ਜਦੋਂ ਕੋਈ ਬਿਮਾਰ ਹੁੰਦਾ ਸੀ ਤਾਂ ਜੜ੍ਹੀ ਬੂਟੀਆਂ ਨਾਲ ਹੀ ਕੰਮ ਚਲਾਇਆ ਜਾਂਦਾ ਸੀ। ਹੁਣ ਮੁੱਠਾਂ ਭਰ ਅੰਗ੍ਰੇਜ਼ੀ ਦਵਾਈਆਂ ਅਤੇ ਟੀਕੇ ਲਗਦੇ ਹਨ ਜਿਨ੍ਹਾਂ ਵਿਚ ਰਸਾਇਣ ਹੁੰਦੇ ਹਨ। ਇਹ ਰਸਾਇਣ ਹੀ ਫਸਲਾਂ ਉੱਤੇ ਵਰਤੇ ਜਾਂਦੇ ਹਨ ਜਿਨ੍ਹਾਂ ਦਾ ਅਸਰ ਕੁਝ ਦਿਨਾਂ ਵਿਚ ਖਤਮ ਹੋ ਜਾਂਦਾ ਹੈ।



ਉਦੋਂ ਸਾਈਕਲ ਵੀ ਕਿਸੇ ਵਿਰਲੇ ਟਾਂਵੇਂ ਕੋਲ ਹੁੰਦਾ ਸੀ। ਹੁਣ ਹਰੇਕ ਘਰ ਵਿਚ ਕਾਰਾਂ ਜਾਂ ਮੋਟਰਸਾਇਕਲ ਹਨ। ਹਰੇਕ ਘਰ, ਦਫਤਰ, ਦੁਕਾਨ, ਫੈਕਟਰੀ ਵਿਚ ਏ.ਸੀ. ਹਨ ਜਿਹੜੇ ਤਪਸ਼ ਛੱਡਦੇ ਹਨ ਇਸ ਨਾਲ ਆਲਸੀ ਤਪਸ਼ ਵੱਧ ਰਹੀ ਹੈ ਅਤੇ ਹਵਾ ਪ੍ਰਦੂਸ਼ਿਤ ਹੋ ਰਹੀ ਹੈ। ਮਨੁੱਖੀ ਕਮਜ਼ੋਰੀ ਦਾ ਕਾਰਨ ਕਿਸਾਨ ਦੀ ਕਣਕ ਜਾਂ ਚੌਲ ਨਹੀਂ ਹਨ ਸਗੋਂ ਖੁਰਾਕੀ ਤਬਦੀਲੀ ਕਾਰਨ ਹੈ। ਹੁਣ ਦੁੱਧ, ਘਿਓ, ਕੋਈ ਖਾਂਦਾ ਨਹੀਂ, ਜੰਕ ਫੂਡ ਦੀ ਵਰਤੋਂ ਵੱਧ ਗਈ ਹੈ ਜਿਨ੍ਹਾਂ ਵਿਚ ਰਸਾਇਣ ਹੁੰਦੇ ਹਨ। ਪਾਮ ਆਇਲ ਬਿਮਾਰੀ ਦਾ ਘਰ ਹੈ। ਤਾਕਤ ਦੇ ਟੀਕੇ ਅਤੇ ਹਾਰਮੋਨ ਨੁਕਸਾਨ ਕਰਦੇ ਹਨ ਬਜ਼ਾਰ ਵਿਚ ਕੋਈ ਵਸਤੂ ਸ਼ੁੱਧ ਰੂਪ ਵਿਚ ਨਹੀਂ ਮਿਲਦੀ, ਮਿਹਨਤ ਘੱਟ ਗਈ ਹੈ ਅਤੇ ਭੈੜੀਆਂ ਆਦਤਾਂ ਅਤੇ ਸਮਾਰਟ ਫੋਨ ਇਸ ਲਈ ਜ਼ੁੰਮੇਵਾਰ ਹਨ। ਸਰਕਾਰ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਸੀਵਰੇਜ਼ ਦੇ ਪਾਣੀ ਨੂੰ ਦਰਿਆਵਾਂ ਵਿਚ ਪਾਉਣ ਦੀ ਥਾਂ ਸੋਧ ਕੇ ਸਿੰਚਾਈ ਲਈ ਵਰਤਿਆ ਜਾਵੇ। ਹਵਾ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ।

ਨਵੀਂ ਖੇਤੀ ਨੀਤੀ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਸਰਕਾਰ ਲਈ ਅਸੰਭਵ ਹੈ, ਜਿਸ ਕਰਕੇ ਫੌਰੀ ਸਮੱਸਿਆਵਾਂ ਨੂੰ ਹਲ ਕਰਨ ਵਲ ਧਿਆਨ ਦੇਣਾ ਚਾਹੀਦਾ ਹੈ। ਕਿਸਾਨ ਦੀ ਉਪਜ ਦਾ ਪੂਰਾ ਮੁੱਲ ਦਿਲਵਾਉਣਾ ਦੀ ਸਰਕਾਰ ਦੀ ਜ਼ੁੰਮੇਵਾਰੀ ਹੈ। ਮੰਡੀ ਬੋਰਡ ਨੂੰ ਚਾਹੀਦਾ ਹੈ ਕਿ ਜਿਣਸ ਦੀ ਬੋਲੀ ਘਟੋ ਘੱਟ ਮਿੱਥੇ ਮੁਲ ਤੋਂ ਸ਼ੁਰੂ ਕਰਵਾਏ। ਦਾਲਾਂ ਤੇ ਤੇਲ ਬੀਜ ਤਾਂ ਸਰਕਾਰੀ ਏਜੰਸੀਆਂ ਵੀ ਲੋੜ ਪੈਣ ਏਜੰਸੀਆਂ ਵੀ ਲੋੜ ਪੈਣ ਤੇ ਖਰੀਦ ਸਕਦੀਆਂ ਹਨ। ਦੂਜੇ ਰਾਜਾਂ ਤੋਂ ਮੁੱਲ ਲੈ ਕੇ ਵੇਚਣ ਦੀ ਥਾਂ ਆਪਣੇ ਸੂਬੇ ਦੀ ਉਪਜ ਵਲ ਧਿਆਨ ਦੇਣਾ ਚਾਹੀਦਾ ਹੈ।

ਸਰਕਾਰ ਵੱਲੋਂ ਫਸਲ ਵਿਭਿੰਨਤਾ ਵਿਚ ਵਾਧੇ ਲਈ ਵੀ ਬਜਟ ਵਿਚ ਦੱਸਿਆ ਗਿਆ ਸੀ। ਸਬਜ਼ੀਆਂ ਅਤੇ ਫਲਾਂ ਹੇਠ ਰਕਬੇ ਵਿਚ ਵਾਧੇ ਦਾ ਪ੍ਰੋਗਰਾਮ ਸੀ। ਇਥੋਂ ਤਕ ਕਿ ਰਾਜ ਵਿਚ ਸੇਬ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਬਾਰੇ ਵੀ ਆਖਿਆ ਗਿਆ ਸੀ ਪਰ ਹੁਣ ਆਈ ਰਿਪੋਰਟ ਅਨੁਸਾਰ ਫਲਾਂ ਹੇਠ ਰਕਬੇ ਵਿਚ ਵਾਧਾ ਹੋਣ ਦੀ ਥਾਂ ਇਹ ਘੱਟ ਗਿਆ ਹੈ। ਲੋਕਾਂ ਨੇ ਪੁਰਾਣੇ ਬਾਗ ਪੁਟਣੇ ਸ਼ੁਰੂ ਕਰ ਦਿੱਤੇ ਹਨ। ਸਬਜ਼ੀਆਂ ਹੇਠ ਵੀ ਰਕਬੇ ਵਿਚ ਵਾਧਾ ਨਹੀਂ ਹੋਇਆ ਹੈ। ਇਹੋ ਹਾਲ ਦੁਧਾਰੂ ਪਸ਼ੂਆਂ ਬਾਰੇ ਹੈ। ਇਨ੍ਹਾਂ ਵਿਚ ਵਾਧਾ ਹੋਣ ਵੀ ਥਾਂ ਪਿੰਡਾਂ ਵਿਚ ਲੋਕਾਂ ਨੇ ਪਸ਼ੂ ਰੱਖਣੇ ਹੀ ਬੰਦ ਕਰ ਦਿੱਤੇ ਹਨ। ਸਬੰਧਿਤ ਮਹਿਕਮਿਆਂ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਇਸ ਦੇ ਕਾਰਨਾਂ ਦੀ ਘੋਖ ਕਰਕੇ ਸੰਜੀਦਗੀ ਨਾਲ ਯਤਨ ਕੀਤੇ ਜਾਣ। ਉਮੀਦ ਹੈ ਕਿ ਪੰਜਾਬ ਸਰਕਾਰ ਭਾਵੇਂ ਰਾਜਸੀ ਚੱਕਰਾਂ ਅਤੇ ਚੋਣਾਂ ਵਿਚ ਘਿਰੀ ਹੋਈ ਹੈ ਪਰ ਉੱਪਰ ਲਿਖੀਆਂ ਸਮੱਸਿਆਵਾਂ ਵਲ ਧਿਆਨ ਦੇਣ ਲਈ ਸੰਬੰਧਤ ਮਹਿਕਮਿਆਂ ਨੂੰ ਸਮਾਂਬੱਧ ਕੰਮ ਕਰਨ ਲਈ ਹਦਾਇਤਾਂ ਦਿੱਤੀਆਂ ਜਾਣ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਭਵਿੱਖ ਵਿਚ ਇਹ ਹੋਰ ਗੰਭੀਰ ਹੋ ਜਾਣੀਆਂ ਅਤੇ ਮੁੜ ਇਨ੍ਹਾਂ ਉੱਤੇ ਇਨ੍ਹਾਂ ਉੱਤੇ ਕਾਬੂ ਪਾਉਣਾ ਮੁਸ਼ਕਿਲ ਹੋ ਜਾਵੇਗਾ।



# ਮਟਰਾਂ ਦੇ ਰੋਗਾਂ ਦੀ ਰੋਕਥਾਮ

ਰਜਿੰਦਰ ਸਿੰਘ ਬੱਲ,
ਯਾਮਿਨੀ ਸ਼ਰਮਾ

ਮਟਰ ਠੰਢੇ ਮੌਸਮ ਦੌਰਾਨ ਉਗਾਈ ਜਾਣ ਵਾਲੀ ਮਹੱਤਵਪੂਰਨ ਸਬਜ਼ੀ ਦੀ ਫਸਲ ਹੈ । ਚੰਗੀ ਸਿਹਤ ਲਈ ਲੋੜੀਂਦੇ ਪ੍ਰੋਟੀਨ, ਵਿਟਾਮਿਨ ਅਤੇ ਖਣਿਜ ਪਦਾਰਥ ਆਦਿ ਜ਼ਰੂਰੀ ਤੱਤਾਂ ਦਾ ਮਟਰ ਇੱਕ ਮਹੱਤਵਪੂਰਨ ਸੋਮਾ ਹਨ । ਮਟਰਾਂ ਦੇ ਵਧੀਆ ਜਮਾਅ ਅਤੇ ਵਾਧੇ ਲਈ ਔਸਤਨ 20-250 ਤਾਪਮਾਨ ਦੀ ਲੋੜ ਹੁੰਦੀ ਹੈ ਪਰ ਇਸ ਦੇ ਬੀਜ 4-5 ਡਿਗਰੀ ਸੈਂਟੀਗ੍ਰੇਡ ਤਾਪਮਾਨ ਤੇ ਵੀ ਉੱਗ ਸਕਦੇ ਹਨ ਅਤੇ ਇਹ ਫਸਲ ਕੋਰੀ ਵੀ ਸਹਿਣ ਕਰ ਸਕਦੀ ਹੈ । ਮਨੁੱਖੀ ਸਿਹਤ ਦੇ ਨਾਲ-ਨਾਲ ਖੁਰਾਕ ਸੁਰੱਖਿਆ, ਫ਼ਸਲ ਵਿਭਿੰਨਤਾ ਅਤੇ ਵਾਤਾਵਰਨ ਸਥਿਰਤਾ ਵਿਚ ਵੀ ਮਟਰਾਂ ਦਾ ਬਹੁਤ ਯੋਗਦਾਨ ਹੈ । ਇਸ ਦੇ ਨਾਲ ਹੀ ਇਹ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਵਧਾਉਂਦੇ ਹਨ । ਪੰਜਾਬ ਵਿਚ ਮਟਰਾਂ ਦੀ ਜ਼ਿਆਦਾ ਕਾਸ਼ਤ ਹੁਸ਼ਿਆਰਪੁਰ, ਅੰਮ੍ਰਿਤਸਰ, ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਕੀਤੀ ਜਾਂਦੀ ਹੈ । ਮਟਰਾਂ ਦੀ ਫਸਲ 'ਤੇ ਕਈ ਬਿਮਾਰੀਆਂ ਹਮਲਾ ਕਰਦੀਆਂ ਹਨ ਜਿਨ੍ਹਾਂ ਵਿਚ ਸੋਕਾ, ਕੁੰਗੀ, ਚਿੱਟੇ ਅਤੇ ਮਟਰਾਂ ਦਾ ਗਾਲਾ ਪ੍ਰਮੁੱਖ ਹਨ । ਇਨ੍ਹਾਂ ਨਾਲ ਫਸਲ ਦੇ ਝਾੜ 'ਤੇ ਬਹੁਤ ਅਸਰ ਪੈਂਦਾ ਹੈ । ਇਸ ਕਰਕੇ ਚੰਗਾ ਝਾੜ ਲੈਣ ਲਈ ਇਨ੍ਹਾਂ ਬਿਮਾਰੀਆਂ ਦੀ ਸਹੀ ਪਹਿਚਾਣ ਅਤੇ ਸਮੇਂ ਸਿਰ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ ।

**ਕੀੜੇ-ਮਕੌੜੇ**

**ਸੁਰੰਗੀ ਕੀੜਾ** : ਇਹ ਕੀੜਾ ਪੱਤਿਆਂ 'ਤੇ ਹਮਲਾ ਕਰਦਾ ਹੈ । ਇਸ ਦੀਆਂ ਸੁੰਡੀਆਂ ਪੱਤਿਆਂ ਵਿਚ ਸੁਰੰਗਾਂ ਬਣਾ ਲੈਂਦੀਆਂ ਹਨ ਅਤੇ ਇਨ੍ਹਾਂ ਸੁਰੰਗਾਂ ਵਿਚ ਬੈਠ ਕੇ ਪੱਤਿਆਂ ਨੂੰ ਅੰਦਰੋਂ ਖਾਂਦੀਆਂ ਹਨ। ਇਸ ਕੀੜੇ ਦਾ ਹਮਲਾ ਦਸੰਬਰ ਤੋਂ ਲੈ ਕੇ ਮਾਰਚ ਤੱਕ ਹੁੰਦਾ ਹੈ ।

**ਰਸ ਚੂਸਣ ਵਾਲੇ ਕੀੜੇ** : ਥਰਿਪ ਜਾਂ ਜੂੰ ਮਟਰਾਂ ਦੇ ਪੱਤਿਆਂ ਦਾ ਰਸ ਚੂਸ ਲੈਂਦਾ ਜਿਸ ਨਾਲ ਪੱਤੇ ਪੀਲੇ ਪੈ ਜਾਂਦੇ ਹਨ ।

**ਤਣੇ ਦੀ ਮੱਖੀ** : ਇਸ ਕੀੜੇ ਕਰਕੇ ਜ਼ਿਆਦਾ ਨੁਕਸਾਨ ਮਟਰਾਂ ਦੀ ਫਸਲ ਉੱਗਣ ਵੇਲੇ ਹੁੰਦਾ ਹੈ । ਇਸ ਕੀੜੇ ਦੀਆਂ ਸੁੰਡੀਆਂ ਤਣੇ ਵਿਚ ਮੋਰੀਆਂ ਕਰਕੇ ਅੰਦਰ ਵੜ੍ਹ ਜਾਂਦੀਆਂ ਹਨ ਅਤੇ ਬੂਟੇ ਕੁਮਲਾਅ ਜਾਂਦੇ ਹਨ ਅਤੇ ਫਿਰ ਮਰ ਜਾਂਦੇ ਹਨ । ਇਸ ਦੀਆਂ ਮੱਖੀਆਂ ਵੀ ਪੱਤਿਆਂ ਕੇ ਹਮਲਾ ਕਰਦੀਆਂ ਹਨ ਜਿਸ ਨਾਲ ਪੱਤੇ ਪੀਲੇ ਪੈ ਜਾਂਦੇ ਹਨ । ਇਸ ਕੀੜੇ ਦਾ ਜ਼ਿਆਦਾ ਹਮਲਾ ਅਗੇਤੀ ਬੀਜੀ ਫਸਲ 'ਤੇ ਹੁੰਦਾ ਹੈ । ਇਸ ਲਈ ਮਟਰਾਂ ਦੀ ਬਿਜਾਈ ਅਕਤੂਬਰ ਦੇ ਦੂਜੇ ਅੱਧ ਵਿਚ ਕਰਨੀ ਚਾਹੀਦੀ ਹੈ । ਬਿਜਾਈ ਸਮੇਂ 10 ਕਿਲੋ ਫਿਊਰਾਡਾਨ 3ਜੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਸਿਆੜਾਂ ਵਿਚ ਪਾਉਣਾ ਚਾਹੀਦਾ ਹੈ । ਜ਼ਹਿਰ ਦੀ ਵਰਤੋਂ ਕਰਨ ਲੱਗਿਆਂ ਹੱਥਾਂ ਨੂੰ ਦਸਤਾਨੇ ਜ਼ਰੂਰ ਪਾਉਣੇ ਚਾਹੀਦੇ ਹਨ ।

**ਬਿਮਾਰੀਆਂ** :

**ਸੋਕਾ ਅਤੇ ਜੜ੍ਹਾਂ ਦਾ ਗਾਲਾ** : ਇਹ ਬਿਮਾਰੀ ਉੱਲੀ ਕਰਕੇ ਹੁੰਦੀ ਹੈ । ਜੇਕਰ ਬਿਜਾਈ ਅਗੇਤੀ ਕੀਤੀ ਜਾਵੇ ਤਾਂ ਵੱਧ ਤਾਪਮਾਨ ਹੋਣ ਕਰਕੇ ਇਸ ਦੇ ਹਮਲੇ ਦੇ ਆਸਾਰ ਜ਼ਿਆਦਾ ਹੁੰਦੇ ਹਨ । ਇਸ ਬਿਮਾਰੀ ਦੀਆਂ ਨਿਸ਼ਾਨੀਆਂ ਬੂਟੇ ਦੇ ਹੇਠਲੇ ਹਿੱਸੇ 'ਤੇ ਦਿੱਸਦੀਆਂ ਹਨ । ਬੂਟੇ ਦੇ ਜ਼ਮੀਨ ਨਾਲ ਲੱਗਦੇ ਹਿੱਸੇ ਉੱਤੇ ਲਾਲ-ਭੂਰੇ ਰੰਗ ਦੇ ਧੱਸੇ ਹੋਏ ਚਟਾਖ ਬਣ ਜਾਂਦੇ ਹਨ ਅਤੇ ਇਹ ਧੱਬੇ ਜੜ੍ਹਾਂ ਤੱਕ ਪਹੁੰਚ ਜਾਂਦੇ ਹਨ, ਜਿਸ ਨਾਲ ਜੜ੍ਹਾਂ ਗਲ ਜਾਂਦੀਆਂ ਹਨ

ਪੱਤੇ ਪੀਲੇ ਪੈ ਜਾਂਦੇ ਹਨ ਅਤੇ ਬੂਟੇ ਮੁਰਝਾ ਕੇ ਸੁੱਕ ਜਾਂਦੇ ਹਨ । ਇਸ ਬਿਮਾਰੀ ਦੇ ਜੀਵਾਣੂੰ ਮਿੱਟੀ ਵਿਚ ਹੀ ਅਗਲੇ ਸਾਲ ਤੱਕ ਜੀਵਤ ਰਹਿੰਦੇ ਹਨ । ਇਸ ਦੀ ਰੋਕਥਾਮ ਕਰਨ ਲਈ ਸ਼ੁਰੂ ਤੋਂ ਹੀ ਸਾਨੂੰ ਉਪਰਾਲੇ ਕਰਨੇ ਚਾਹੀਦੇ ਹਨ । ਜਿਹੜੇ ਖੇਤ ਵਿਚ ਪਿਛਲੇ ਸਾਲ ਬਿਮਾਰੀ ਆਈ ਹੋਵੇ, ਅਜਿਹੇ ਖੇਤ ਵਿਚ ਬਿਜਾਈ ਅਗੇਤੀ ਨਾ ਕੀਤੀ ਜਾਏ । ਨਾਲ ਹੀ ਬਿਜਾਈ ਤੋਂ ਪਹਿਲਾਂ ਬੀਜ ਨੂੰ ਸੋਧ ਲੈਣਾ ਚਾਹੀਦਾ ਹੈ । ਸੋਧ ਕਰਨ ਲਈ ਇਕ ਕਿਲੋਗ੍ਰਾਮ ਬੀਜ ਵਾਸਤੇ 15 ਗ੍ਰਾਮ ਸੂਡੋਮੋਨਾਸ ਫਲੋਰੇਸੈਂਸ ਪਾਊਡਰ ਵਰਤਣਾ ਚਾਹੀਦਾ ਹੈ ।

**ਚਿੱਟੋਂ** : ਇਹ ਬਿਮਾਰੀ ਵੀ ਉੱਲੀ ਨਾਲ ਹੁੰਦੀ ਹੈ । ਇਸ ਦਾ ਹਮਲਾ ਦਰਮਿਆਨੇ ਸਮੇਂ ਅਤੇ ਲੇਟ ਪੱਕਣ ਵਾਲੀਆਂ ਕਿਸਮਾਂ 'ਤੇ ਵਧੇਰੇ ਹੁੰਦਾ ਹੈ । ਜਦੋਂ ਕਿ ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਇਸ ਦੇ ਹਮਲੇ ਤੋਂ ਬਚ ਜਾਂਦੀ ਹੈ । ਚਿੱਟੋਂ ਦੀਆਂ ਨਿਸ਼ਾਨੀਆਂ ਪਹਿਲਾਂ ਪੱਤਿਆਂ 'ਤੇ ਦਿੱਸਦੀਆਂ ਹਨ ਪਰ ਬਾਅਦ ਵਿਚ ਟਹਿਣੀਆਂ ਅਤੇ ਫਲੀਆਂ ਉੱਤੇ ਵੀ ਆ ਜਾਂਦੀਆਂ ਹਨ । ਹਮਲੇ ਵਾਲੇ ਹਿੱਸੇ ਤੇ ਚਿੱਟੇ ਰੰਗ ਦਾ ਆਟੇ ਵਰਗਾ ਧੂੜਾ ਜੰਮ ਜਾਂਦਾ ਹੈ । ਜ਼ਿਆਦਾ ਹਮਲੇ ਦੀ ਸੂਰਤ ਵਿਚ ਚਿੱਟਾ ਧੂੜਾ ਪੂਰੇ ਬੂਟੇ ਨੂੰ ਢੱਕ ਲੈਂਦਾ ਹੈ ਅਤੇ ਫਲੀਆਂ ਉੱਤੇ ਇਸ ਦੇ ਹਮਲੇ ਨਾਲ ਫਲੀਆਂ ਵਿਚਲੇ ਦਾਣੇ ਸੁੰਗੜ ਜਾਂਦੇ ਹਨ, ਜਿਸ ਕਰਕੇ ਝਾੜ ਬਹੁਤ ਘੱਟ ਜਾਂਦਾ ਹੈ । ਇਸ ਬਿਮਾਰੀ ਦੇ ਜੀਵਾਣੂੰ ਫਸਲ ਦੇ ਰਹਿੰਦ-ਖੂੰਹਦ ਉੱਤੇ ਮਿੱਟੀ ਵਿਚ ਅਗਲੇ ਸਾਲ ਤੱਕ ਬਚੇ ਰਹਿੰਦੇ ਹਨ । ਆਮ ਤੌਰ 'ਤੇ ਇਹ ਬਿਮਾਰੀ ਜਨਵਰੀ ਮਹੀਨੇ ਦੇ ਅੰਤ ਵਿਚ ਆਉਂਦੀ ਹੈ ਅਤੇ ਉਸ ਤੋਂ ਬਾਅਦ ਜੇਕਰ ਮੌਸਮ ਖੁਸ਼ਕ ਅਤੇ ਗਰਮ ਰਹੇ ਇਸ ਦਾ ਵਾਧਾ ਜ਼ਿਆਦਾ ਹੁੰਦਾ ਹੈ । ਇਸ ਬਿਮਾਰੀ ਦੀ ਰੋਕਥਾਮ ਲਈ ਫਸਲ ਦੀ ਕਟਾਈ ਤੋਂ ਬਾਅਦ ਰਹਿੰਦ-ਖੂੰਹਦ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ । ਨਿਸ਼ਾਨੀਆਂ ਨਜ਼ਰ ਆਉਣ ਤੇ 600 ਗ੍ਰਾਮ ਸਲਫੈਕਸ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ । ਲੋੜ ਪੈਣ ਤੇ 10 ਦਿਨਾਂ ਦੇ ਵਕਫੇ ਤੇ ਦੁਬਾਰਾ ਛਿੜਕਾਅ ਕੀਤਾ ਜਾ ਸਕਦਾ ਹੈ ।

**ਕੁੰਗੀ** : ਉੱਲੀ ਨਾਲ ਹੋਣ ਵਾਲੀ ਇਹ ਬਿਮਾਰੀ ਵੀ ਮਟਰਾਂ ਦੀ ਫਸਲ ਦਾ ਬਹੁਤ ਦੇ ਲੱਛਣ ਲਗਭੱਗ ਦਸੰਬਰ ਮਹੀਨੇ ਦੇ ਅਖੀਰ ਵਿਚ ਸ਼ੁਰੂ ਹੁੰਦੇ ਹਨ । ਪਹਿਲਾਂ ਇਹ ਬਿਮਾਰੀ ਪੱਤਿਆਂ ਉੱਤੇ ਆਉਂਦੀ ਹੈ ਅਤੇ ਬਾਅਦ ਵਿਚ ਟਹਿਣੀਆਂ ਅਤੇ ਫਲੀਆਂ ਉੱਤੇ ਵੀ ਆ ਜਾਂਦੀ ਹੈ । ਪੱਤਿਆਂ ਦੇ ਹੇਠਲੇ ਪਾਸੇ ਪੀਲੇ ਜਾਂ ਲਾਲ-ਭੂਰੇ ਰੰਗ ਦੇ ਉੱਭਰੇ ਹੋਏ ਧੱਬੇ ਪੈਂਦੇ ਹਨ । ਜ਼ਿਆਦਾ ਹਮਲੇ ਦੀ ਸਥਿਤੀ ਵਿਚ ਹਲਕੇ ਪੀਲੇ ਜਾਂ ਭੂਰੇ ਰੰਗ ਦਾ ਧੂੜਾ ਪੱਤਿਆਂ ਦੇ ਉੱਪਰਲੇ ਹਿੱਸੇ ਤੇ ਵੀ ਨਜ਼ਰ ਆਉਣ ਲੱਗ ਜਾਂਦਾ ਹੈ ਅਤੇ ਪੱਤੇ ਝੜ ਜਾਂਦੇ ਹਨ । ਮਾਰਚ ਦੇ ਮਹੀਨੇ ਤਾਪਮਾਨ ਵਧਣ ਕਰਕੇ ਧੱਬਿਆਂ ਦਾ ਰੰਗ ਬਦਲ ਕੇ



ਕਾਲਾ ਜਿਹਾ ਹੋ ਜਾਂਦਾ ਹੈ । ਫਲੀਆਂ ਦੇ ਦਾਣੇ ਅਕਾਰ ਵਿਚ ਛੋਟੇ ਰਹਿ ਜਾਂਦੇ ਹਨ ਅਤੇ ਸੁੰਘੜੇ ਹੋਏ ਹੁੰਦੇ ਹਨ । ਬਿਮਾਰੀ ਦੇ ਜੀਵਾਣੂੰ ਮਟਰੀ ਜਾਂ ਰਿਵਾੜੀ ਆਦਿ ਨਦੀਨਾਂ ਉੱਤੇ ਪਲਦੇ ਹਨ । ਠੰਡੇ ਅਤੇ ਸਿੱਲ੍ਹੇ ਮੌਸਮ ਵਿਚ ਬਿਮਾਰੀ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ । ਇਸ ਦੀ ਰੋਕਥਾਮ ਲਈ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖਣਾ ਚਾਹੀਦਾ ਹੈ ਅਤੇ ਲਗਾਤਾਰ ਫਸਲ ਦਾ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ । ਦਸੰਬਰ ਮਹੀਨੇ ਦੇ ਅਖੀਰ ਵਿਚ 400 ਗ੍ਰਾਮ ਇੰਡੋਫਿਲ ਐਮ-45 ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰ ਦੇਣਾ ਚਾਹੀਦਾ ਹੈ । ਲੋੜ ਮੁਤਾਬਕ 10 ਦਿਨਾਂ ਦੇ ਵਕਫੇ ਤੇ 3 ਛਿੜਕਾਅ ਹੋਰ ਕਰਨੇ ਚਾਹੀਦੇ ਹਨ ।

**ਮਟਰਾਂ ਦਾ ਗਾਲਾ** : ਵਾਈਟ ਰਾਟ ਨਾਂ ਦੇ ਨਾਲ ਜਾਣੀ ਜਾਣ ਵਾਲੀ ਬਿਮਾਰੀ ਵੀ ਉੱਲੀ ਕਰਕੇ ਹੁੰਦੀ ਹੈ । ਪੱਤੇ, ਤਣੇ ਅਤੇ ਫਲੀਆਂ ਉੱਤੇ ਬੇਤਰਤੀਬੇ ਪਾਣੀ ਭਿੱਜੇ ਧੱਬੇ ਪੈ ਜਾਂਦੇ ਹਨ । ਜ਼ਿਆਦਾਤਰ ਇਹ ਬਿਮਾਰੀ ਫੁੱਲ ਪੈਣ ਅਤੇ ਫਲੀਆਂ ਬਣਨ ਵੇਲੇ ਸ਼ੁਰੂ ਹੁੰਦੀ ਹੈ । ਬਾਅਦ ਵਿਚ ਫਲੀਆਂ ਉੱਤੇ ਭੂਰੇ ਰੰਗ ਦੀ ਖੁਰਦਰੀ ਪੇਪੜੀ ਜਿਹੀ ਬਣ ਜਾਂਦੀ ਹੈ । ਜੇਕਰ ਹਵਾ ਵਿਚ ਸਿੱਲ੍ਹ ਹੋਵੇ ਤਾਂ ਹਮਲੇ ਵਾਲੇ ਹਿੱਸਿਆਂ ਉੱਤੇ ਚਿੱਟੇ ਰੰਗ ਦੀ ਉੱਲੀ ਦਾ ਮਾਦਾ ਜਿਹਾ ਨਜ਼ਰ ਆਉਂਦਾ ਹੈ । ਫਲੀਆਂ ਵਿਚ ਕਾਲੇ ਰੰਗ ਦੀਆਂ ਸਖਤ ਮਘਰੌੜੀਆਂ (ਸਕਲੇਰੋਸ਼ੀਆ) ਬਣ ਜਾਂਦੀਆਂ ਹਨ । ਉੱਲੀ (ਮਘਰੌੜੀਆਂ) ਮਿੱਟੀ ਵਿਚ ਬਹੁਤ ਲੰਮੇ ਸਮੇਂ ਤੱਕ ਜਿਊਂਦੀ ਰਹਿੰਦੀ ਹੈ ਅਤੇ ਹਰ ਸਾਲ ਬਿਮਾਰੀ ਦਾ ਕਾਰਣ ਬਣਦੀ ਹੈ । ਠੰਡਾ ਅਤੇ ਸਲ੍ਹਾਬ ਵਾਲਾ ਮੌਸਮ ਬਿਮਾਰੀ ਲਈ ਬਹੁਤ ਅਨੁਕੂਲ ਹੈ । ਇਸ ਬਿਮਾਰੀ ਤੋਂ ਬਚਾਅ ਲਈ ਮਟਰਾਂ ਦੀ ਫਸਲ ਨੂੰ ਬੈਂਗਣ, ਗੋਭੀ ਜਾਂ ਗਾਜਰ ਆਦਿ ਫਸਲਾਂ ਤੋਂ ਬਾਅਦ ਨਹੀਂ ਬੀਜਣਾ ਚਾਹੀਦਾ । ਹਰ ਸਾਲ ਇੱਕੋ ਹੀ ਖੇਤ ਵਿਚ ਮਟਰ ਨਹੀਂ ਬੀਜਣੇ ਚਾਹੀਦੇ ਅਤੇ ਫਸਲ ਦੀ ਰਹਿੰਦ-ਖੂੰਹਦ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ ।

ਸੋ ਕਿਸਾਨ ਉਪਰੋਕਤ ਤਰੀਕਿਆਂ ਨਾਲ ਮਟਰਾਂ ਦੀ ਫਸਲ ਨੂੰ ਕੀੜਿਆਂ ਨਾਲ ਕਟਰਾਂ ਦੀ ਫਸਲ ਨੂੰ ਕੀੜਿਆਂ ਤੋਂ ਬਚਾਅ ਸਕਦੇ ਹਨ ਅਤੇ ਇਸ ਪ੍ਰਕਾਰ ਉਨ੍ਹਾਂ ਨੂੰ ਆਰਥਿਕ ਰੂਪ ਵਿਚ ਵੱਡਾ ਫਾਇਦਾ ਹੋ ਸਕਦਾ ਹੈ ।

**ਘੋਲ ਦਾ ਛਿੜਕਾਅ** : ਜੇਕਰ ਚਿੱਟੇ ਅਤੇ ਕੁੰਗੀ ਰੋਗ ਇਕੱਠੇ ਆ ਜਾਣ ਤਾਂ 600 ਗ੍ਰਾਮ ਸਲਫੈਕਸ ਅਤੇ 400 ਗ੍ਰਾਮ ਇੰਡੋਫਿਲ ਐਮ-45 ਨੂੰ ਰਲਾ ਕੇ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕੀਤਾ ਜਾ ਸਕਦਾ ਹੈ ।

# ਹੈਪੀ ਸੀਡਰ ਅਤੇ ਸਰਫੇਸ ਸੀਡਰ ਨਾਲ ਪਰਾਲੀ ਨੂੰ ਖੇਤ ਵਿਚ ਸਾਂਭਣ ਵਾਲਾ ਸੂਝਵਾਨ ਕਿਸਾਨ - ਸ. ਮੱਖਣ ਸਿੰਘ

ਜ਼ਮੀਨ ਦੀ ਸਿਹਤ ਅਤੇ ਵਾਤਾਵਰਣ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਵਿਚ ਆਪਣੇ ਹਿੱਸੇ ਦਾ ਯੋਗਦਾਨ ਪਾਉਣ ਹਿੱਤ ਸ. ਮੱਖਣ ਸਿੰਘ, ਪਿੰਡ ਕੈਂਪਰ, ਬਲਾਕ ਦਿੜ੍ਹਬਾ, ਜ਼ਿਲ੍ਹਾ ਸੰਗਰੂਰ ਪਿਛਲੇ ਕਈ ਸਾਲਾਂ ਤੋਂ ਝੋਨੇ ਦੀ ਪਰਾਲੀ ਦੀ ਬਿਨਾਂ ਅੱਗ ਲਗਾਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਫਾਰਸ਼ ਹੈਪੀ ਸੀਡਰ ਤਕਨੀਕ ਨਾਲ ਕਣਕ ਦੀ ਬਿਜਾਈ ਕਰਦਾ ਆ ਰਿਹਾ ਹੈ । ਉਹ ਕੁੱਲ 11.5 ਏਕੜ ਰਕਬੇ 'ਚ ਖੇਤੀ ਕਰਦਾ ਹੈ ਜਿਸ ਵਿੱਚੋਂ 8 ਏਕੜ ਰਕਬਾ ਝੋਨੇ-ਕਣਕ ਦੀ ਖੇਤੀ ਹੇਠ ਹੈ । ਸਾਲ 2014 ਵਿਚ ਉਸ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੋਂ ਤਕਨੀਕੀ ਜਾਣਕਾਰੀ ਹਾਸਲ ਕਰਕੇ ਖੇਤੀਬਾੜੀ ਵਿਭਾਗ ਦੀ ਮਦਦ ਨਾਲ ਹੈਪੀ ਸੀਡਰ ਖਰੀਦ ਕੇ ਸਾਰੇ ਰਕਬੇ ਵਿਚ ਇਸ ਮਸ਼ੀਨ ਨਾਲ ਕਣਕ ਬੀਜਣ ਦਾ ਤਜਰਬਾ ਕੀਤਾ, ਜਿਸ ਵਿੱਚੋਂ ਉਸ ਨੂੰ 22 ਕੁਇੰਟਲ ਪ੍ਰਤੀ ਏਕੜ ਝਾੜ ਪ੍ਰਾਪਤ ਹੋਇਆ । ਉਸ ਦੀ ਸਫਲਤਾ ਨੇ ਪਿੰਡ ਦੇ ਹੋਰਨਾਂ ਕਿਸਾਨਾਂ ਨੂੰ ਵੀ ਪ੍ਰੇਰਿਤ ਕੀਤਾ ਅਤੇ ਲਪਭਗ 10 ਘਰਾਂ ਨੇ ਹੈਪੀ ਸੀਡਰ ਤਕਨੀਕ ਨੂੰ ਅਪਣਾਇਆ । ਐਸ ਐਮ ਐਸ ਵਾਲੀ ਕੰਬਾਈਨ ਨਾ ਮਿਲਣ ਕਾਰਣ ਉਸ ਨੂੰ ਲੂਜ਼ ਪਰਾਲੀ ਨੂੰ ਸੋਟੀਆਂ ਨਾਲ ਹੀ ਖਿਲਾਰਣਾ ਪੈਂਦਾ ਹੈ । ਮੱਖਣ ਸਿੰਘ ਦਾ ਕਹਿਣਾ ਹੈ ਕਿ ਹੈਪੀ ਸੀਡਰ ਨਾਲ ਬਿਜਾਈ ਕਰਨ ਸਮੇਂ ਖੇਤ ਵਿਚ ਕੂਲਾ-ਵੱਤਰ ਹੋਣਾ ਚਾਹੀਦਾ ਹੈ ਅਤੇ ਪ੍ਰਤੀ ਏਕੜ 50 ਕਿਲੋ ਬੀਜ ਅਤੇ 60 ਕਿਲੋ ਡੀ ਏ ਪੀ ਪਾਉਣ ਨਾਲ ਚੰਗਾ ਝਾੜ ਮਿਲ ਜਾਂਦਾ ਹੈ । ਹੈਪੀ ਸੀਡਰ ਨਾਲ ਬੀਜੀ ਕਣਕ ਦੇ ਫਾਇਦੇ ਗਿਣਾਉਂਦੇ ਹੋਏ ਉਸ ਨੇ ਦੱਸਿਆ ਕਿ ਇਸ ਤਰੀਕੇ ਬੀਜੀ ਕਣਕ ਵਿਚ ਨਦੀਨਾਂ ਅਤੇ ਫਸਲ ਦੇ ਡਿੱਗਣ ਦੀ ਸਮੱਸਿਆ ਘੱਟ ਆਉਂਦੀ ਹੈ । ਇਸ ਤੋਂ ਇਲਾਵਾ ਪਰਾਲੀ ਖੇਤ ਵਿਚ ਸਾਂਭਣ ਨਾਲ ਉਸ ਦੀ ਜ਼ਮੀਨ ਦੀ ਸਿਹਤ ਵਿਚ ਸੁਧਾਰ ਆਇਆ ਹੈ ।



ਹੈਪੀ ਸੀਡਰ ਨਾਲ ਬੀਜੀ ਕਣਕ ਵਿਚ ਮੀਂਹ ਪੈਣ 'ਤੇ ਕੋਈ ਦਿੱਕਤ ਨਹੀਂ ਆਉਂਦੀ ਅਤੇ ਕੁੱਲ ਮਿਲਾ ਕੇ 1-2 ਪਾਣੀਆਂ ਦੀ ਬੱਚਤ ਵੀ ਹੁੰਦੀ ਹੈ । ਇਸ ਤਰੀਕੇ ਨਾਲ ਬੀਜੀ ਕਣਕ ਵਿਚ ਪਰਾਲੀ ਦੀ ਮਲਚਿੰਗ ਹੋਣ ਕਰਕੇ ਜ਼ਮੀਨ ਵਿਚ ਢੁੱਕਵਾਂ ਤਾਪਮਾਨ ਬਣਿਆ ਰਹਿੰਦਾ ਹੈ । ਜਿਸ ਨਾਲ ਫਸਲ ਦੇ ਪੱਕਣ ਸਮੇਂ ਜੇਕਰ ਗਰਮੀ ਜ਼ਿਆਦਾ ਪੈ ਜਾਵੇ ਤਾਂ ਝਾੜ ਦਾ ਨੁਕਸਾਨ ਨਹੀਂ ਹੁੰਦਾ ।


ਪਿਛਲੇ ਸਾਲ ਮੱਖਣ ਸਿੰਘ ਨੇ 2.5 ਏਕੜ ਰਕਬੇ ਵਿਚ ਨਵੀਂ ਮਸ਼ੀਨ ਸਰਫੇਸ ਸੀਡਰ ਨਾਲ ਪਰਾਲੀ ਨੂੰ ਖੇਤ ਵਿਚ ਹੀ ਰੱਖ ਕੇ ਕਣਕ ਦੀ ਬਿਜਾਈ ਕੀਤੀ । ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਦੇ ਮਾਹਿਰਾਂ ਦੀ ਦੇਖ-ਰੇਖ ਹੇਠ ਫਸਲ ਦੀ ਚੰਗੀ ਤਰ੍ਹਾਂ ਦੇਖਭਾਲ ਕਰਕੇ ਉਸ ਨੂੰ 25 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਝਾੜ ਪ੍ਰਾਪਤ ਹੋਇਆ । ਇਸ ਤਕਨੀਕ ਤੋਂ ਪ੍ਰਭਾਵਿਤ ਹੋ ਕੇ ਉਸ ਦੇ ਪਿੰਡ ਦੇ ਕਈ ਕਿਸਾਨ ਸਰਫੇਸ ਸੀਡਰ ਮਸ਼ੀਨ ਨੂੰ ਪਰਖਣ ਅਤੇ ਅਪਣਾਉਣ ਲਈ ਉਸ ਨਾਲ ਰਾਬਤਾ ਕਰ ਰਹੇ ਹਨ । ਇੰਝ, ਮੱਖਣ ਸਿੰਘ ਆਪਣੇ ਅਗਾਂਹਵਧੂ ਉੱਦਮਾਂ ਸਦਕਾ ਹੋਰਨਾਂ ਲਈ ਇਕ ਪ੍ਰੇਰਣਾ ਸਰੋਤ ਕਿਸਾਨ ਹੈ ।

**ਸੁਨੀਲ ਕੁਮਾਰ, ਮਨਦੀਪ ਸਿੰਘ ਅਤੇ ਗੁਰਕਿੰਦਰ ਪ੍ਰੀਤ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ (ਖੇੜੀ) ਮੋਬਾਇਲ : 88721-75800**



# ਖੇਤੀ ਸੰਕਟ ਪੰਜਾਬ ਨੂੰ ਠੋਸ ਨੀਤੀ ਦੀ ਲੋੜ

**ਗਹਿਰੇ ਹੁੰਦੇ ਜਾ ਰਹੇ ਇਸ ਖੇਤੀਬਾੜੀ ਸੰਕਟ ਦੇ ਮੱਦੇਨਜ਼ਰ, ਇਨ੍ਹਾਂ ਤਿੰਨੋਂ ਖਰੜਿਆਂ ਵਿਚ ਖੇਤੀਬਾੜੀ ਦੀ ਉਤਪਾਦਕਤਾ, ਲਾਹੇਵੰਦੀ ਅਤੇ ਹੰਢਣਸਾਰਤਾ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਆਮਦਨ ਵਿਚ ਸੁਧਾਰ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਸੰਯੁਕਤ ਰਾਸ਼ਟਰ ਦਾ ਹੰਢਣਸਾਰ ਵਿਕਾਸ ਟੀਚਿਆਂ ਬਾਰੇ ਏਜੰਡਾ 2030 ਵਿਚ ਇਹ ਸੁਝਾਅ ਦਿੱਤਾ ਗਿਆ ਹੈ ਕਿ ਖੇਤੀਬਾੜੀ ਸਣੇ ਸਾਰੇ ਖੇਤਰਾਂ ਨੂੰ ਹੰਢਣਸਾਰਤਾ ਦੇ ਆਰਥਿਕ, ਸਮਾਜਿਕ ਅਤੇ ਵਾਤਾਵਰਨਕ ਪੱਖਾਂ ਤੋਂ ਵਾਚਿਆ ਜਾਵੇ। ਇਸ ਏਜੰਡੇ ਵਿਚ ਕਿਹਾ ਗਿਆ ਹੈ ਕਿ ਜੇ ਖੇਤੀਬਾੜੀ ਆਰਥਿਕ ਤੌਰ 'ਤੇ ਸਮ੍ਰਿਧ ਨਹੀਂ ਹੈ ਜਾਂ ਇਹ ਬਾਹਰੀ ਝਟਕਿਆਂ ਨੂੰ ਬਰਦਾਸ਼ਤ ਕਰਨ ਦੇ ਯੋਗ ਨਹੀਂ ਹੈ ਜਾਂ ਇਸ ਵਿਚ ਕੰਮ ਕਰਨ ਵਾਲਿਆਂ ਦੀ ਬਿਹਤਰੀ 'ਤੇ ਗੌਰ ਨਹੀਂ ਕੀਤਾ ਜਾਂਦਾ ਤਾਂ ਇਹ ਖੇਤੀਬਾੜੀ ਹੰਢਣਸਾਰ ਨਹੀਂ ਗਿਣੀ ਜਾ ਸਕਦੀ।**



ਡਾ. ਰਣਜੀਤ ਸਿੰਘ ਘੁੰਮਣ

ਪਿਛਲੇ ਕਰੀਬ ਤਿੰਨ ਦਹਾਕਿਆਂ ਵਿਚ ਤਿੰਨ ਨੀਤੀ ਖਰੜੇ ਸੌਂਪੇ ਜਾਣ ਦੇ ਬਾਵਜੂਦ ਅਜੇ ਤੱਕ ਪੰਜਾਬ ਨੂੰ ਕੋਈ ਖੇਤੀਬਾੜੀ ਨੀਤੀ ਨਹੀਂ ਮਿਲ ਸਕੀ। ਖੇਤੀ ਨੀਤੀ ਦਾ ਪਹਿਲਾ ਖਰੜਾ (58 ਸਫੇ) ਜੀ ਐੱਸ ਕਾਲਕਟ ਦੀ ਪ੍ਰਧਾਨਗੀ ਹੇਠ ਤਿਆਰ ਕੀਤਾ ਗਿਆ ਸੀ ਜੋ ਮਾਰਚ 2013 ਵਿਚ ਰਾਜ ਸਰਕਾਰ ਨੂੰ ਪੇਸ਼ ਕੀਤਾ ਗਿਆ ਸੀ। ਉਹ ਖਰੜਾ ਸਰਕਾਰ ਵੱਲੋਂ ਨਾ ਜਨਤਕ ਕੀਤਾ ਗਿਆ ਅਤੇ ਨਾ ਹੀ ਇਸ ਨੂੰ ਨੀਤੀ ਵਜੋਂ ਅਪਣਾਇਆ ਗਿਆ। ਦੂਜਾ ਖਰੜਾ (21 ਸਫੇ) ਅਜੈ ਵੀਰ ਜਾਖੜ ਦੀ ਚੇਅਰਮੈਨੀ ਹੇਠ ਤਿਆਰ ਕੀਤਾ ਗਿਆ ਜੋ 2018 ਵਿਚ ਰਾਜ ਸਰਕਾਰ ਨੂੰ ਸੌਂਪਿਆ ਗਿਆ ਸੀ। ਉਸ ਖਰੜੇ ਦੀ ਹੋਣੀ ਵੀ ਪਹਿਲੇ ਵਰਗੀ ਹੀ ਹੋਈ।

ਜਨਵਰੀ 2023 ਵਿਚ ਸਰਕਾਰ ਨੇ ਖੇਤੀ ਨੀਤੀ ਦਾ ਤੀਜਾ ਖਰੜਾ ਤਿਆਰ ਕਰਵਾਉਣ ਲਈ ਸੁਖਪਾਲ ਸਿੰਘ ਦੀ ਕਨਵੀਨਰੀ ਹੇਠ ਮਾਹਿਰਾਂ ਦੀ ਇਕ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਨੇ ਖੇਤੀ ਨੀਤੀ ਦਾ ਇਕ ਲੰਮਾ ਖਰੜਾ (211) ਤਿਆਰ ਕੀਤਾ ਅਤੇ 13 ਅਕਤੂਬਰ, 2023 ਨੂੰ ਸਰਕਾਰ ਨੂੰ ਸੌਂਪ ਦਿੱਤਾ ਗਿਆ ਸੀ। ਉਂਝ ਸਰਕਾਰ ਨੇ ਇਸ ਖਰੜੇ ਨੂੰ ਜਨਤਕ ਕਰਨ ਲਈ 11 ਮਹੀਨਿਆਂ ਤੋਂ ਵੱਧ ਸਮਾਂ ਲੈ ਲਿਆ ਅਤੇ ਉਹ ਕਿਸਾਨ ਜਥੇਬੰਦੀਆਂ ਦੇ ਦਬਾਅ ਹੇਠ ਇਸ ਨੂੰ ਜਨਤਕ ਕੀਤਾ ਗਿਆ। ਪਤਾ ਨਹੀਂ ਕਿਉਂ ਸਰਕਾਰ ਨੇ ਫਸਲੀ ਵਿਭਿੰਨਤਾ ਲਈ ਸਲਾਹ ਲੈਣ ਵਾਸਤੇ ਬੋਸਟਨ ਕਨਸਲਟਿੰਗ ਗਰੁੱਪ (ਬੀ ਸੀ ਜੀ) ਨਾਲ ਵੀ ਰਾਬਤਾ ਬਣਾਇਆ ਹੋਇਆ ਸੀ। ਇਸ ਤੋਂ ਇਹੀ ਗੱਲ ਪਤਾ ਲਗਦੀ ਹੈ ਕਿ ਸਮੇਂ ਸਮੇਂ 'ਤੇ ਆਈਆਂ ਸਰਕਾਰਾਂ ਖੇਤੀਬਾੜੀ ਨੀਤੀ ਬਣਾਉਣ ਲਈ ਨਾ ਤਾਂ ਗੰਭੀਰ ਰਹੀਆਂ ਹਨ ਅਤੇ ਨਾ ਹੀ ਇਨ੍ਹਾਂ ਦਾ ਇਸ ਕੰਮ ਲਈ ਬਣਾਈਆਂ ਗਈਆਂ ਕਮੇਟੀਆਂ 'ਤੇ ਭਰੋਸਾ ਹੈ। ਦੂਜਾ ਅਤੇ ਤੀਜਾ ਖਰੜਾ ਇਕ ਵਿਧਾਨਕ ਸੰਸਥਾ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਪਰਸਨ ਦੀ ਅਗਵਾਈ ਹੇਠ ਤਿਆਰ ਕੀਤੇ ਗਏ ਹਨ।

ਇਨ੍ਹਾਂ ਤਿੰਨਾਂ ਖਰੜਿਆਂ ਦੀ ਇਕ ਸਾਂਝੀ ਤੰਦ ਇਸ ਪ੍ਰਵਾਨਤਾ ਵਿਚ ਪਈ ਹੈ ਕਿ ਪੰਜਾਬ ਦਾ ਖੇਤੀਬਾੜੀ ਸੰਕਟ ਖੇਤੀਬਾੜੀ ਆਮਦਨ ਵਿਚ ਆ ਰਹੀ ਗਿਰਾਵਟ ਅਤੇ ਹੋਰਨਾਂ ਕਾਰਕਾਂ ਦਾ ਸਿੱਟਾ ਹੈ। ਇਸ ਸੰਕਟ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਵਲੋਂ ਖੁਦਕੁਸ਼ੀਆਂ ਬਾਰੇ ਕਰਵਾਏ ਗਏ ਸਰਵੇਖਣਾਂ ਤੋਂ ਵੀ ਭਲੀਭਾਂਤ ਉਜਾਗਰ ਹੋਇਆ ਸੀ। ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿਚ ਸੰਨ੍ਹ 2000 ਤੋਂ 2016 ਤੱਕ 16000 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ ਹੈ। ਇਸ ਤੋਂ ਬਾਅਦ ਵਾਲੇ ਸਾਲਾਂ ਵਿਚ ਇਨ੍ਹਾਂ ਅੰਕੜਿਆਂ ਵਿਚ ਵਾਧਾ ਹੀ ਹੁੰਦਾ ਰਿਹਾ ਹੈ।

ਗਹਿਰੇ ਹੁੰਦੇ ਜਾ ਰਹੇ ਇਸ ਖੇਤੀਬਾੜੀ ਸੰਕਟ ਦੇ ਮੱਦੇਨਜ਼ਰ, ਇਨ੍ਹਾਂ ਤਿੰਨੋਂ ਖਰੜਿਆਂ ਵਿਚ ਖੇਤੀਬਾੜੀ ਦੀ ਉਤਪਾਦਕਤਾ, ਲਾਹੇਵੰਦੀ ਅਤੇ ਹੰਢਣਸਾਰਤਾ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਆਮਦਨ ਵਿਚ ਸੁਧਾਰ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਸੰਯੁਕਤ ਰਾਸ਼ਟਰ ਦਾ ਹੰਢਣਸਾਰ ਵਿਕਾਸ ਟੀਚਿਆਂ ਬਾਰੇ ਏਜੰਡਾ 2030 ਵਿਚ ਇਹ ਸੁਝਾਅ ਦਿੱਤਾ ਗਿਆ ਹੈ ਕਿ ਖੇਤੀਬਾੜੀ ਸਣੇ ਸਾਰੇ ਖੇਤਰਾਂ ਨੂੰ ਹੰਢਣਸਾਰਤਾ ਦੇ ਆਰਥਿਕ, ਸਮਾਜਿਕ ਅਤੇ ਵਾਤਾਵਰਨਕ ਪੱਖਾਂ ਤੋਂ ਵਾਚਿਆ ਜਾਵੇ। ਇਸ ਏਜੰਡੇ ਵਿਚ ਕਿਹਾ ਗਿਆ ਹੈ ਕਿ ਜੇ ਖੇਤੀਬਾੜੀ ਆਰਥਿਕ ਤੌਰ 'ਤੇ ਸਮ੍ਰਿਧ ਨਹੀਂ ਹੈ ਜਾਂ ਇਹ ਬਾਹਰੀ ਝਟਕਿਆਂ ਨੂੰ ਬਰਦਾਸ਼ਤ ਕਰਨ ਦੇ ਯੋਗ ਨਹੀਂ ਹੈ ਜਾਂ ਇਸ ਵਿਚ ਕੰਮ ਕਰਨ ਵਾਲਿਆਂ ਦੀ ਬਿਹਤਰੀ 'ਤੇ ਗੌਰ ਨਹੀਂ ਕੀਤਾ ਜਾਂਦਾ ਤਾਂ ਇਹ ਖੇਤੀਬਾੜੀ ਹੰਢਣਸਾਰ ਨਹੀਂ ਗਿਣੀ ਜਾ ਸਕਦੀ। ਖੋਜ ਅਤੇ ਵਿਕਾਸ ਅਤੇ ਬੁਨਿਆਦੀ ਢਾਂਚੇ ਵਿਚ ਨਿਵੇਸ਼ ਵਾਧਾ ਕਰ ਕੇ ਅਤੇ ਬੁਨਿਆਦੀ ਢਾਂਚੇ ਵਿਚ ਨਿਵੇਸ਼ ਵਾਧਾ ਕਰ ਕੇ ਅਤੇ ਵਿਸਤਾਰ ਸੇਵਾਵਾਂ ਨੂੰ ਮਜ਼ਬੂਤ ਬਣਾ ਕੇ, ਉਚ ਕੀਮਤਾਂ ਵਾਲੀਆਂ ਫਸਲਾਂ ਅਤੇ ਪਸ਼ੂਧਨ ਅਤੇ ਡੇਅਰੀ ਪਾਲਣ ਨੂੰ ਸੁਧਾਰ ਕੇ, ਮੁੱਲ ਵਾਧਾ ਕਰ ਕੇ, ਨਿਸ਼ਚਤ ਮੰਡੀਕਰਨ, ਕੀਮਤ ਸਥਿਰਤਾ ਫੰਡ ਕਾਇਮ ਕਰ ਕੇ, ਫਸਲੀ ਵਿਭਿੰਨਤਾ, ਜ਼ਮੀਨੀ ਪਾਣੀ ਦੀ ਸਤਹਿ ਅਤੇ ਜ਼ਮੀਨੀ ਸਤਹਿ ਵਿਚ ਆ ਰਹੀ ਗਿਰਾਵਟ ਨੂੰ ਠੱਲ੍ਹ ਪਾਉਣ ਦੇ ਸਿਫਾਰਸ਼ਸ਼ੁਦਾ ਹੱਲ ਹੀ ਸਾਰੇ ਨੀਤੀਗਤ ਖਰੜਿਆਂ ਵਿਚ ਕ੍ਰਮਵਾਰ 12 ਅਤੇ 14 ਸਿਫਾਰਸ਼ਾਂ ਸਨ। ਤੀਜੇ ਖਰੜੇ ਵਿਚ 28 ਸਿਫਾਰਸ਼ਾਂ ਹਨ। ਹਾਲਾਂਕਿ ਪਹਿਲੇ ਅਤੇ ਦੂਜੇ ਖਰੜੇ ਤੋਂ ਸੱਜਰਾ ਖਰੜਾ ਤਿਆਰ ਕਰਨ ਵਿਚ ਕਾਫੀ ਮਦਦ ਲਈ ਗਈ ਹੈ ਪਰ ਇਸ ਵਿਚ ਪਹਿਲੇ ਦੋਵੇਂ ਖਰੜਿਆਂ ਨਾਲੋਂ ਕਈ ਨਿਵੇਕਲੀਆਂ ਅਤੇ ਵਧੇਰੇ ਤਫਸੀਲੀ ਸਿਫਾਰਸ਼ਾਂ ਵੀ ਕੀਤੀਆਂ ਗਈਆਂ ਹਨ।

ਸੱਜਰੇ ਖਰੜੇ ਵਿਚ ਖੇਤੀ ਜਲਵਾਯੂ ਜ਼ੋਨਾਂ ਦੇ ਆਧਾਰ 'ਤੇ ਕੁਦਰਤੀ ਕਾਸ਼ਤੀ ਇਲਾਕਿਆਂ ਵਿਚ ਉਨ੍ਹਾਂ ਦੇ ਸੁਭਾਅ ਮੁਤਾਬਕ ਫਸਲਾਂ ਦੀ ਕਾਸ਼ਤ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਖੇਤਰ ਵਿਚ ਖੇਤੀ ਮਾਰਕੀਟਿੰਗ ਖੋਜ ਅਤੇ ਗਿਆਨ ਉੱਪਰ ਕੇਂਦਰਤ ਪ੍ਰਬੀਨਤਾ ਸੰਸਥਾਨਾਂ ਦੀ ਸਥਾਪਨਾ ਅਤੇ ਖੇਤੀਬਾੜੀ ਮੰਡੀਕਰਨ ਅਤੇ ਬਹੁ-ਮੰਤਵੀ ਸਹਿਕਾਰੀ ਸਭਾਵਾਂ ਅਤੇ ਸਹਿਕਾਰੀ ਸਭਾਵਾਂ ਦੇ ਜਮਹੂਰੀ ਅਤੇ ਪਾਰਦਰਸ਼ੀ ਕੰਮਕਾਜ ਆਦਿ ਬਾਰੇ ਕੁਝ ਮੁੱਖ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਨੀਤੀ ਖਰੜੇ ਵਿਚ ਹਰੇਕ ਫਸਲ ਉੱਪਰ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਅਤੇ ਇਹ ਸਿਫਾਰਸ਼ ਕੀਤੀ ਗਈ ਹੈ ਕਿ ਪੰਜਾਬ ਨੂੰ ਇਕ ਬੀਜ ਹੱਬ ਵਜੋਂ ਵਿਕਸਤ ਕੀਤਾ ਜਾਵੇ।

ਪਹਿਲੇ ਖਰੜਿਆਂ ਦੇ ਉਲਟ, ਸੱਜਰੇ ਖਰੜੇ ਵਿਚ ਜੈਵਿਕ ਖੇਤੀ ਨੂੰ ਵਿਕਸਤ ਕਰਨ ਲਈ ਇਕ ਤਫਸੀਲੀ ਯੋਜਨਾ ਪੇਸ਼ ਕੀਤੀ ਗਈ ਹੈ। ਪੰਜਾਬ ਲਈ ਵਿਸ਼ੇਸ਼ ਤੌਰ 'ਤੇ ਫਸਲੀ ਬੀਮਾ ਯੋਜਨਾ, ਖੁਦਕੁਸ਼ੀ ਪੀੜਤ ਪਰਿਵਾਰਾਂ ਲਈ ਮੁਆਵਜ਼ਾ ਵਧਾ ਕੇ 10 ਲੱਖ ਰੁਪਏ ਕਰਨ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਮੁਫਤ ਸਿਹਤ ਸੰਭਾਲ, 60 ਸਾਲ ਦੀ ਉਮਰ ਤੋਂ ਬਾਅਦ ਖੇਤ ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਲਈ ਪੈਨਸ਼ਨ, ਯਕਮੁਸ਼ਤ ਕਰਜ਼ਾ ਨਿਬੇੜੂ ਯੋਜਨਾ ਅਤੇ ਸ਼ਾਹੂਕਾਰਾ ਰਜਿਸਟ੍ਰੇਸ਼ਨ ਕਰਨ ਸਬੰਧੀ ਕੁਝ ਹੋਰ ਸਿਫਾਰਸ਼ਾਂ ਹਨ।



ਪੰਜਾਬ ਵਿਚ ਉਗਾਈਆਂ ਫਸਲਾਂ ਲਈ ਇਹ ਖਰੜਾ ਘੱਟੋ ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਕਾਨੂੰਨੀ ਗਾਰੰਟੀ ਦੇਣ ਦੀ ਸਿਫਾਰਸ਼ ਕੀ ਕਰਦਾ ਹੈ, ਪਰ ਸਵਾਮੀਨਾਥਨ ਫਾਰਮੂਲਾ ਲਾਗੂ ਕਰਨ ਬਾਰੇ ਕੁਝ ਨਹੀਂ ਕਹਿੰਦਾ, ਜੋ ਕਿ ਕਿਸਾਨਾਂ ਦੀ ਪ੍ਰਮੁੱਖ ਮੰਗ ਹੈ। ਇਸ ਤੋਂ ਪਹਿਲੇ ਦੋ ਖਰੜਿਆਂ 'ਚ ਵੀ, ਕਣਕ ਤੇ ਝੋਨੇ ਨੂੰ ਛੱਡ ਕੇ ਬਾਕੀ ਫਸਲਾਂ ਦੀ ਐੱਮ ਐੱਸ ਪੀ 'ਤੇ ਖਰੀਦ ਨਾ ਹੋਣ ਦਾ ਮੁੱਦਾ ਉੱਭਰਿਆ ਸੀ। ਇਕ ਵਾਰ ਫੇਰ, ਤੀਜੇ ਖਰੜੇ ਵਿਚ ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਅਤੇ ਖੇਤੀਬਾੜੀ ਖੇਤਰ 'ਚ ਬਿਜਲੀ ਦੀ ਵਧ ਰਹੀ ਵਰਤੋਂ ਉੱਤੇ ਚਿੰਤਾ ਜ਼ਾਹਿਰ ਕੀਤੀ ਗਈ ਸੀ। ਜਦਕਿ ਦੂਜੇ ਵਿਚ ਸਿਫਾਰਸ਼ ਕੀਤੀ ਗਈ ਸੀ ਕਿ 10 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣੀ ਬੰਦ ਕੀਤੀ ਜਾਵੇ।

ਹਾਲਾਂਕਿ, ਚੰਗੀ ਗੱਲ ਇਹ ਹੈ ਕਿ ਹਾਲੀਆ ਖਰੜੇ ਵਿਚ ਸਭ ਤੋਂ ਵੱਧ ਨੁਕਸਾਨ ਵਾਲੇ 15 ਬਲਾਕਾਂ ਵਿਚ ਝੋਨੇ ਦੀ ਕਾਸ਼ਤ ਉੱਤੇ ਪਾਬੰਦੀ ਲਾਉਣ ਦੀ ਸਖਤੀ ਨਾਲ ਸਿਫਾਰਸ਼ ਕੀਤੀ ਗਈ ਹੈ। ਹਾਲਾਂਕਿ, ਕੁਝ ਕਿਸਾਨ ਸਮੂਹਾਂ ਵੱਲੋਂ ਕਾਸ਼ਤ 'ਚ ਪਾਣੀ ਬਚਾਉਣ ਵਾਲੀਆਂ ਕੁਝ ਸਭ ਤੋਂ ਵਧੀਆ ਜੁਗਤਾਂ ਵਰਤੀਆਂ ਜਾ ਰਹੀਆਂ ਹਨ। ਨੀਤੀ ਨੂੰ ਆਖਰੀ ਰੂਪ ਦੇਣ ਤੋਂ ਪਹਿਲਾਂ ਕਿਸਾਨਾਂ ਦਾ ਕਮਿਸ਼ਨ ਇਨ੍ਹਾਂ ਨਾਲ ਸਲਾਹ-ਮਸ਼ਵਰਾ ਕਰ ਸਕਦਾ ਹੈ।

ਖੇਤੀਬਾੜੀ ਖੇਤਰ 'ਚ ਘਟ ਰਹੇ ਰੁਜ਼ਗਾਰ ਦੇ ਮੌਕਿਆਂ ਦੇ ਮੱਦੇਨਜ਼ਰ, ਖੇਤੀ ਵਿਚ ਪ੍ਰਤੱਖ ਤੇ ਲੁਕਵੀਂ ਬੇਰੁਜ਼ਗਾਰੀ ਦੇ ਮੁੱਦਿਆਂ ਉੱਤੇ ਗੰਭੀਰ ਚਰਚਾ ਦੀ ਲੋੜ ਹੈ, ਪਰ ਖਰੜੇ ਵਿਚ ਇਨ੍ਹਾਂ ਦਾ ਹਲਕਾ-ਫੁਲਕਾ ਜ਼ਿਕਰ ਹੀ ਕੀਤਾ ਗਿਆ ਹੈ। ਪੀਏਯੂ, ਗੁਰੂ ਅੰਗਦ ਦੇਵ ਵੈਟਰਨਰੀ ਤੇ ਜੀਵ ਵਿਗਿਆਨ ਯੂਨੀਵਰਸਿਟੀ, ਸਰਕਾਰੀ ਵਿਭਾਗਾਂ ਦੇ ਬੋਰਡਾਂ ਵਿਚ ਖਾਲੀ ਪਈਆਂ ਵੱਡੀ ਗਿਣਤੀ ਵਿਚ ਅਸਾਮੀਆਂ ਨੂੰ ਖਰੜੇ ਵਿਚ ਢੁੱਕਵੇਂ ਢੰਗ ਨਾਲ ਉਭਾਰਿਆ ਗਿਆ ਹੈ ਅਤੇ ਇਸ 'ਤੇ ਸਰਕਾਰੀ ਗੌਰ ਦੀ ਫੌਰੀ ਲੋੜ ਨੂੰ ਸਾਹਮਣੇ ਰੱਖਿਆ ਗਿਆ ਹੈ।

ਖਰੜੇ ਵਿਚਲੀਆਂ ਸਿਫਾਰਸ਼ਾਂ 'ਤੇ ਸਾਰੇ ਹਿੱਤਧਾਰਕਾਂ ਨੂੰ ਜਨਤਕ ਤੌਰ 'ਤੇ ਵਿਚਾਰ-ਚਰਚਾ ਕਰਾਉਣੀ ਚਾਹੀਦੀ ਹੈ, ਭਾਵੇਂ ਵਿੱਤੀ ਸਰੋਤ ਵੱਡੀ ਚੁਣੌਤੀ ਹਨ। ਫੇਰ ਵੀ ਕਈ ਸਿਫਾਰਸ਼ਾਂ ਹਨ ਜਿਨ੍ਹਾਂ ਲਈ ਬਿਲਕੁਲ ਥੋੜ੍ਹੇ ਜਾਂ ਮਨਫੀ ਵਿੱਤ ਦੀ ਜ਼ਰੂਰਤ ਹੈ। ਆਸ ਕਰਦੇ ਹਾਂ ਕਿ ਤੀਜਾ ਖਰੜਾ ਅੰਤ 'ਚ ਇਕ ਢੁੱਕਵੀਂ ਖੇਤੀ ਨੀਤੀ ਦਾ ਰੂਪ ਧਾਰਨ ਕਰੇਗਾ ਜਿਸ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾ ਸਕੇਗਾ।



# ਜੀਨ ਸੋਧੀਆਂ ਫਸਲਾਂ ਦੇ ਖਤਰੇ

ਵਿਸ਼ਵ ਭਰ ਅੰਦਰ ਪਿਛਲੇ ਕਾਫੀ ਸਮੇਂ ਤੋਂ ਭੁੱਖਮਰੀ ਦਾ ਕਾਰਨ ਅਨਾਜ ਦੀ ਥੁੜ੍ਹ ਅਤੇ ਘੱਟ ਪੈਦਾਵਾਰ ਕਿਹਾ ਜਾ ਰਿਹਾ ਹੈ। ਇਸ 'ਤੇ ਕਾਬੂ ਪਾਉਣ ਖਾਤਰ ਸਾਮਰਾਜਵਾਦੀ ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਵੱਧ ਅਨਾਜ ਪੈਦਾ ਕਰਨ ਲਈ ਅਨੁਵੰਸ਼ਿਕ ਸੋਧੀਆਂ ਫਸਲਾਂ

ਪਵਨ ਕੁਮਾਰ ਕੌਸ਼ਲ
ਮੋ. 98550-04500

(ਜੈਨੇਟੀਕਲੀ ਮੋਡੀਫਾਈਡ ਕਰੌਪਸ) ਜਾਂ ਜੀ. ਐਮ. ਫਸਲਾਂ ਦੀ ਕਾਸ਼ਤ ਕਰਨ ਲਈ ਵਿਕਾਸਸ਼ੀਲ ਅਤੇ ਪੱਛੜੇ ਦੇਸ਼ਾਂ ਉੱਪਰ ਉਨ੍ਹਾਂ ਦੇਸ਼ਾਂ ਦੀਆਂ ਹਾਕਮ ਜਮਾਤਾਂ ਤੇ ਵਿਸ਼ਵ ਵਪਾਰ ਸੰਸਥਾ, ਕੌਮਾਂਤਰੀ ਮੁਦਰਾ ਕੋਸ਼ ਤੇ ਵਿਸ਼ਵ ਬੈਂਕ ਰਾਹੀਂ ਮਜਬੂਰ ਕਰ ਰਹੀਆਂ ਹਨ। ਇਹ ਉਸ ਵਕਤ ਹੋ ਰਿਹਾ ਹੈ ਜਦੋਂ ਖੁਦ ਵਿਕਸਤ ਪੂੰਜੀਵਾਦੀ ਦੇਸ਼ ਇਨ੍ਹਾਂ ਫਸਲਾਂ ਦੀ ਕਾਸ਼ਤ ਉੱਪਰ ਕਾਨੂੰਨੀ ਤੌਰ 'ਤੇ ਪਾਬੰਦੀ ਲਗਾ ਰਹੇ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਕੀ ਵਿਸ਼ਵ ਭਰ ਵਿਚ ਸੱਚਮੁੱਚ ਅਨਾਜ ਦੀ ਥੁੜ ਹੈ? ਇੱਕ ਕੌਮਾਂਤਰੀ ਅਖਬਾਰ ਅਨੁਸਾਰ ਅਸੀਂ ਪਹਿਲਾਂ ਹੀ 10 ਖਰਬ ਲੋਕਾਂ ਲਈ ਕਾਫੀ ਅਨਾਜ ਪੈਦਾ ਕਰਦੇ ਹਾਂ ਅਤੇ ਫਿਰ ਵੀ ਭੁੱਖ ਨੂੰ ਨਹੀਂ ਮਿਟਾ ਸਕਦੇ। ਭੁੱਖ ਦਾ ਕਾਰਨ ਗਰੀਬੀ ਅਤੇ ਨਾ-ਬਰਾਬਰੀ ਹੈ, ਨਾ ਕਿ ਥੁੜ੍ਹ। ਵਿਸ਼ਵ ਪਹਿਲਾਂ ਹੀ ਧਰਤੀ ਉੱਪਰ ਹਰ ਇੱਕ ਮਨੁੱਖ ਦਾ ਢਿੱਡ ਭਰਨ ਲਈ ਲੋੜੀਂਦੇ ਨਾਲੋਂ ਡੇਢ ਗੁਣਾ ਤੋਂ ਵੱਧ ਅਨਾਜ ਪੈਦਾ ਕਰਦਾ ਹੈ ਜੋ ਦਸ ਖਰਬ ਲੋਕਾਂ ਦਾ ਢਿੱਡ ਭਰਨ ਲਈ ਕਾਫੀ ਹੈ ਪਰ ਉਹ ਲੋਕ ਜਿਹੜੇ ਰੋਜ਼ਾਨਾ 30-40 ਰੁਪਏ ਵੀ ਨਹੀਂ ਕਮਾ ਸਕਦੇ ਤੇ ਉਹ ਕਿਸਾਨ ਜਿਹੜੇ



ਨਾਮਾਤਰ ਜ਼ਮੀਨ 'ਤੇ ਖੇਤੀ ਕਰਦੇ ਹਨ, ਭੋਜਨ ਖਰੀਦਣ ਤੋਂ ਅਸਮਰੱਥ ਹੁੰਦੇ ਹਨ।

ਵਰਲਡ ਫੂਡ ਪ੍ਰੋਗਰਾਮ ਅਨੁਸਾਰ ਹਰ ਸਾਲ ਏਡਜ਼, ਮਲੇਰੀਆ ਅਤੇ ਤਪਦਿਕ ਨਾਲ ਹੁੰਦੀਆਂ ਕੁੱਲ ਮੌਤਾਂ ਨਾਲੋਂ ਜ਼ਿਆਦਾ ਲੋਕ ਭੁੱਖ ਨਾਲ ਮਰਦੇ ਹਨ। ਏਸ਼ੀਆ ਅੰਦਰ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ 55 ਕਰੋੜ 20 ਲੱਖ ਤੋਂ ਜ਼ਿਆਦਾ ਹੈ। ਇਕ ਵੇਰਵੇ ਮੁਤਾਬਿਕ 87 ਕਰੋੜ ਲੋਕ ਗੰਭੀਰ ਕੁਪੋਸ਼ਣ ਬਿਮਾਰੀਆਂ ਤੋਂ ਪੀੜਤ ਹਨ ਅਤੇ 85 ਕਰੋੜ 20 ਲੱਖ ਭੁੱਖ ਦੇ ਸ਼ਿਕਾਰ ਲੋਕ ਵਿਕਾਸਸ਼ੀਲ ਦੇਸ਼ਾਂ ਅੰਦਰ ਰਹਿੰਦੇ ਹਨ। 'ਵਰਲਡ ਹੰਗਰ ਸਟੈਟਿਕਸ' ਅਨੁਸਾਰ 93 ਕਰੋੜ 60 ਲੱਖ ਲੋਕ ਪੇਟ ਭਰ ਭੋਜਨ ਪ੍ਰਾਪਤ ਕਰਨ ਤੋਂ ਅਸਮਰੱਥ ਹਨ ਅਤੇ ਇਨ੍ਹਾਂ ਵਿਚੋਂ 65 ਫੀਸਦੀ ਦੁਨੀਆਂ ਦੇ 7 ਅਤਿ-ਗਰੀਬ ਤੇ ਪੱਛੜੇ ਦੇਸ਼ਾਂ ਅੰਦਰ ਰਹਿੰਦੇ ਹਨ। ਇੱਕ ਬਾਲਗ ਵਿਅਕਤੀ ਨੂੰ ਲੋੜੀਂਦੀਆਂ ਕੈਲਰੀਆਂ ਪ੍ਰਾਪਤ ਕਰਨ ਲਈ 200 ਕਿਲੋਗ੍ਰਾਮ ਅਨਾਜ ਦੀ ਪ੍ਰਤੀ ਸਾਲ ਲੋੜ ਹੈ ਜਦੋਂ ਕਿ ਵਿਸ਼ਵ ਵਿਚ 300 ਕਿਲੋਗ੍ਰਾਮ ਅਨਾਜ ਪ੍ਰਤੀ ਸਾਲ ਪ੍ਰਤੀ ਵਿਅਕਤੀ ਪੈਦਾਵਾਰ ਹੈ। ਵੀਹਵੀਂ ਸਦੀ ਵਿੱਚ ਪਏ ਕਾਲਾਂ ਦਾ ਕਾਰਨ ਅਨਾਜ ਦੀ ਥੁੜ੍ਹ ਬਿਲਕੁਲ ਨਹੀਂ ਸੀ; ਅਸਲ ਸਮੱਸਿਆ ਲੋਕਾਂ ਦੀ ਗਰੀਬੀ ਕਾਰਨ ਭੋਜਨ ਤੱਕ ਪਹੁੰਚ ਦੀ ਅਸਮਰੱਥਾ ਸੀ। ਸੰਨ 1943-44 ਵਿਚ ਬੰਗਾਲ ਦਾ ਕਾਲ ਬਰਤਾਨਵੀ ਸਾਮਰਾਜ ਦੀ ਦੇਣ ਸੀ ਜਿਸ ਵਿਚ 30 ਲੱਖ ਲੋਕ ਇਸ ਕਰਕੇ ਮਾਰੇ ਗਏ ਸਨ ਕਿ ਚੌਲਾਂ ਦੀਆਂ ਕੀਮਤਾਂ ਵਿਚ ਚਾਰ ਗੁਣਾਂ ਵਾਧਾ ਕਰਨ ਕਰਕੇ ਇਹ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਸਨ। ਕਾਲ ਜ਼ਿਆਦਾਤਰ ਅਨਾਜ ਦੀ ਕਮੀ ਕਾਰਨ ਨਹੀਂ ਪੈਂਦੇ ਸਗੋਂ ਇਸ ਕਰਕੇ ਪੈਂਦੇ ਹਨ ਕਿਉਕਿ ਅਨਾਜ ਭੁੱਖੇ ਵਿਅਕਤੀ ਦੀ ਪਹੁੰਚ ਤੋਂ ਦੂਰ ਹੁੰਦਾ ਹੈ। ਇਥੋਪੀਆ ਵਿਚ 1972-74 'ਚ ਭੁੱਖ ਨਾਲ 2 ਲੱਖ ਲੋਕ ਮਾਰੇ ਗਏ ਸਨ ਜਦੋਂ ਕਿ ਉੱਥੋਂ ਅਨਾਜ ਹੋਰ ਮੁਲਕਾਂ ਨੂੰ ਭੇਜਿਆ ਜਾ ਰਿਹਾ ਸੀ। ਗਰੀਬੀ ਭੁੱਖ ਦਾ ਮੁੱਖ ਕਾਰਨ ਹੈ। ਗਰੀਬੀ ਅਤੇ ਭੁੱਖਮਰੀ ਲੁੱਟ-ਖਸੁੱਟ 'ਤੇ ਆਧਾਰਿਤ ਨਾਕਸ ਪੂੰਜੀਵਾਦੀ ਪ੍ਰਬੰਧ ਹੈ ਜਿੱਥੇ ਕਰੋੜਾਂ ਟਨ ਅਨਾਜ ਭੁੱਖਿਆਂ ਨੂੰ ਵੰਡਣ ਦੀ ਥਾਂ ਸਾੜ ਜਾਂ ਸਮੁੰਦਰ ਵਿਚ ਸੁੱਟ ਦਿੱਤਾ ਜਾਂਦਾ ਹੈ।

ਅਨਾਜ ਦੀ ਅਖੌਤੀ ਥੁੜ੍ਹ ਪੈਦਾ ਕਰ ਕੇ ਪੂੰਜੀਵਾਦੀ ਦੇਸ਼ਾਂ ਦੀਆਂ ਹਾਕਮ ਜਮਾਤਾਂ ਆਪਣੀ ਲੁੱਟ-ਖਸੁੱਟ ਜਾਰੀ ਰੱਖਣ ਲਈ ਨਵੇਂ ਮਨਸੂਬੇ ਘੜਦੀਆਂ ਰਹਿੰਦੀਆਂ ਹਨ। ਅਨਾਜ ਦੀ ਅਖੌਤੀ ਥੁੜ ਦੇ ਨਾਂ 'ਤੇ ਸਾਮਰਾਜਵਾਦੀ ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਵਿਸ਼ਵ ਵਪਾਰ ਸੰਸਥਾ ਰਾਹੀਂ ਪੱਛੜੇ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਅਨੁਵੰਸ਼ਿਕ ਸੋਧੇ ਬੀਜ ਵਰਤਣ ਅਤੇ ਸੋਧੀਆਂ ਫਸਲਾਂ ਦੀ ਕਾਸ਼ਤ ਕਰਨ ਲਈ ਮਜ਼ਬੂਰ ਕਰ ਰਹੀਆਂ ਹਨ। ਭਾਰਤ ਵਿਚ ਅਜਿਹਾ 1988 ਵਿਚ ਵਿਸ਼ਵ ਵਪਾਰ ਸੰਸਥਾ ਨਾਲ ਹੋਈ ਬੀਜ ਸੰਧੀ ਅਧੀਨ ਕੀਤਾ ਜਾ ਰਿਹਾ ਹੈ। ਪਹਿਲਾਂ ਸਿੱਧੇ ਵਿਦੇਸ਼ੀ ਨਿਵੇਸ਼ ਰਾਹੀਂ ਇਨ੍ਹਾਂ ਦੇਸ਼ਾਂ ਦੀ ਆਰਥਿਕਤਾ 'ਤੇ ਕਬਜ਼ਾ ਕੀਤਾ ਗਿਆ। ਹੁਣ ਉੱਥੋਂ ਦੀ ਕਿਸਾਨਾਂ ਨੂੰ ਜੀ. ਐਮ. ਬੀਜਾਂ ਅਤੇ ਫਸਲਾਂ ਦੇ ਪੇਟੈਂਟ ਅਧਿਕਾਰਾਂ ਤੇ ਇਨ੍ਹਾਂ ਉੱਪਰ ਆਪਣੀ ਅਜ਼ਾਰੇਦਾਰੀ ਸਥਾਪਤ ਕਰ ਕੇ ਖੇਤੀ ਦੇ ਧੰਦੇ ਤੋਂ ਬਾਹਰ ਕਰ ਕੇ ਇਨ੍ਹਾਂ ਫਸਲਾਂ ਦੀ ਕਾਸ਼ਤ ਰਾਹੀਂ ਸਾਮਰਾਜਵਾਦੀ ਦੇਸ਼ ਇਨ੍ਹਾਂ ਦੇਸ਼ਾਂ ਨੂੰ ਆਪਣੇ ਅਧੀਨ ਕਰਨ ਦੇ ਮਨਸੂਬੇ ਘੜ ਰਹੇ ਹਨ।

**ਜੀ. ਐਮ. ਫਸਲਾਂ ਅਜਿਹੇ ਪੌਦੇ ਹਨ ਜਿਨ੍ਹਾਂ ਦੇ ਡੀ. ਐੱਨ. ਏ. ਜੈਨੇਟਿਕ ਇੰਜੀਨੀਅਰਿੰਗ ਤਕਨੀਕ ਰਾਹੀਂ ਨਵੇਂ ਗੁਣ ਦਾਖਲ ਕਰ ਕੇ ਉਨ੍ਹਾਂ ਨੂੰ ਸੋਧਿਆ ਜਾਂਦਾ ਹੈ। ਇਹ ਗੁਣ ਪੌਦਿਆਂ ਦੀਆਂ ਮਿਲਦੀਆਂ ਕੁਦਰਤੀ ਜਾਤੀਆਂ ਵਿਚ ਨਹੀਂ ਪਾਏ ਜਾਂਦੇ। ਪੌਦਿਆਂ ਦੇ ਜੀਨਾਂ ਨੂੰ ਸੋਧ ਕੇ ਬਣਾਏ ਜਾਂਦੇ ਬੀਜ ਫਸਲਾਂ, ਕੁਦਰਤ ਅਤੇ ਵਾਤਾਵਰਨ ਦੇ ਅਨੁਕੂਲ ਨਹੀਂ ਹੁੰਦੇ। ਕੁਦਰਤ ਦੇ ਨਿਯਮਾਂ ਵਿਰੁੱਧ ਤਿਆਰ ਕੀਤੀਆਂ ਪੌਦਿਆਂ ਦੀਆਂ ਜਾਤੀਆਂ ਜਾਂ ਉਪ-ਜੀਤੀਆਂ ਮਨੁੱਖ, ਹੋਰ ਜੀਵਾਂ ਅਤੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।**

ਜੀ. ਐਮ. ਫਸਲਾਂ ਅਜਿਹੇ ਪੌਦੇ ਹਨ ਜਿਨ੍ਹਾਂ ਦੇ ਡੀ. ਐੱਨ. ਏ. ਜੈਨੇਟਿਕ ਇੰਜੀਨੀਅਰਿੰਗ ਤਕਨੀਕ ਰਾਹੀਂ ਨਵੇਂ ਗੁਣ ਦਾਖਲ ਕਰ ਕੇ ਉਨ੍ਹਾਂ ਨੂੰ ਸੋਧਿਆ ਜਾਂਦਾ ਹੈ। ਇਹ ਗੁਣ ਪੌਦਿਆਂ ਦੀਆਂ ਮਿਲਦੀਆਂ ਕੁਦਰਤੀ ਜਾਤੀਆਂ ਵਿਚ ਨਹੀਂ ਪਾਏ ਜਾਂਦੇ। ਪੌਦਿਆਂ ਦੇ ਜੀਨਾਂ ਨੂੰ ਸੋਧ ਕੇ ਬਣਾਏ ਜਾਂਦੇ ਬੀਜ ਫਸਲਾਂ, ਕੁਦਰਤ ਅਤੇ ਵਾਤਾਵਰਨ ਦੇ ਅਨੁਕੂਲ ਨਹੀਂ ਹੁੰਦੇ। ਕੁਦਰਤ ਦੇ ਨਿਯਮਾਂ ਵਿਰੁੱਧ ਤਿਆਰ ਕੀਤੀਆਂ ਪੌਦਿਆਂ ਦੀਆਂ ਜਾਤੀਆਂ ਜਾਂ ਉਪ-ਜੀਤੀਆਂ ਮਨੁੱਖ, ਹੋਰ ਜੀਵਾਂ ਅਤੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

ਵਿਗਿਆਨਕ ਪਰਖਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜੀ.ਐਮ. ਫਸਲਾਂ ਮਿੱਟੀ ਵਿੱਚੋਂ ਵਾਤਾਵਰਨ ਲਈ ਮਹੱਤਵਪੂਰਨ ਤੱਤਾਂ ਨੂੰ ਸੋਖ ਕੇ ਉਨ੍ਹਾਂ ਨੂੰ ਨਸ਼ਟਕਰ ਦਿੰਦੀਆਂ ਹਨ। ਅਨੁਵੰਸ਼ਿਕ ਸੋਧ ਰਾਹੀਂ ਤਿਆਰ ਕੀਤੇ ਇਹ ਪੌਦੇ ਅਜਿਹੇ ਰਸਾਇਣ ਪੈਦਾ ਕਰਦੇ ਹਨ ਜਿਹੜੇ ਪਾਣੀ ਨਾਲ ਮਿਲ ਕੇ ਜ਼ਮੀਨ ਅਤੇ ਹੇਠਲੇ ਪਾਣੀ ਦੇ ਪ੍ਰਦੂਸ਼ਣ ਵਿਚ ਖਤਰਨਾਕ ਹੱਦ ਤੱਕ ਵਾਧਾ ਕਰਦੇ ਹਨ। ਸੰਸਾਰ ਦੇ ਲਗਭਗ 800 ਵਿਗਿਆਨੀਆਂ ਨੇ ਵਿਸ਼ਵ ਭਰ ਦੀਆਂ ਸਰਕਾਰਾਂ ਨੂੰ ਇੱਕ ਖੁੱਲ੍ਹਾ ਖਤ ਲਿਖ ਕੇ ਦੱਸਿਆ ਹੈ ਕਿ ਜੀ. ਐਮ. ਫਸਲਾਂ ਮਨੁੱਖੀ ਭੋਜਨ ਲਈ ਖਤਰਨਾਕ ਹਨ ਅਤੇ ਇਹ ਇਕ ਜੀਵ-ਯੁੱਧ ਤੋਂ ਘੱਟ ਹੋਰ ਕੁਝ ਨਹੀਂ ਹਨ। ਅਨੁਵੰਸ਼ਿਕ ਸੋਧੀਆਂ ਫਸਲਾਂ ਪ੍ਰਤੀ ਭੁਲੇਖੇ ਪੈਦਾ ਕਰਨ ਅਤੇ ਅੰਨ੍ਹੇ ਮੁਨਾਫੇ ਲਈ ਸਾਮਰਾਜਵਾਦੀ ਦੇਸ਼ ਤੇ ਵਿਸ਼ਵ ਦੇ ਚੋਟੀ ਦੇ ਅਜ਼ਾਰੇਦਾਰ ਕੋਈ ਕਸਰ ਬਾਕੀ ਨਹੀਂ ਛੱਡ ਰਹੇ।

ਸਾਮਰਾਜਵਾਦੀ ਦੇਸ਼ ਅਤੇ ਉਨ੍ਹਾਂ ਦੀਆਂ ਬਹੁਕੌਮੀ ਕੰਪਨੀਆਂ ਇਸ ਗੱਲ ਨੂੰ ਦਰਕਿਨਾਰ ਕਰ ਰਹੀਆਂ ਹਨ ਕਿ ਵਿਸ਼ਵ ਦੇ ਖੁਰਾਕ ਸੰਕਟ 'ਤੇ ਜੀ. ਐਮ. ਫਸਲਾਂ ਤੋਂ ਵਰਤੋਂ ਵਿੱਚ ਲਿਆਂਦੇ ਬਿਨਾਂ ਕਾਬੂ ਪਾਇਆ ਜਾ ਸਕਦਾ ਹੈ। ਬੀਜ ਖੇਤਰ ਦੀਆਂ ਅਜ਼ਾਰੇਦਾਰ ਅਤੇ ਜੀਵ ਵਿਗਿਆਨ ਤਕਨਾਲੋਜੀ ਦੀਆਂ ਦਿਓ ਕੱਦ ਕੰਪਨੀਆਂ ਲੋਕਾਂ ਦੀਆਂ ਵਿਰੋਧੀ ਭਾਵਨਾਵਾਂ ਨੂੰ ਪਿੱਛੇ ਛੱਡ ਕੇ ਜੀ.ਐਮ. ਫਸਲਾਂ ਦੇ ਕੂੜ ਪ੍ਰਚਾਰ ਵਿਚ ਲੱਗੀਆਂ ਹੋਈਆਂ ਹਨ। ਵਿਆਪਕ ਤੌਰ 'ਤੇ ਇਹ ਸਬੂਤ ਮਿਲ ਰਹੇ ਹਨ ਕਿ ਜੀ.ਐਮ. ਫਸਲਾਂ ਨਾਲ ਦਰਿਆ, ਨਦੀਆਂ, ਨਾਲੇ, ਮੀਂਹ ਅਤੇ ਧਰਤੀ ਹੇਠਲਾ ਪਾਣੀ ਵੀ ਪ੍ਰਦੂਸ਼ਿਤ ਹੋ ਜਾਵੇਗਾ ਤੇ ਰੋਗਾਣੂ-ਨਾਸ਼ਕ ਵਿਰੋਧੀ ਜੀਨ ਪੈਦਾ ਹੋ ਜਾਣਗੇ। ਸਵਿਟਜ਼ਰਲੈਂਡ ਦੀ ਇਕ ਨਵੀਂ ਖੋਜ ਨੇ ਇੱਕ ਹੋਰ ਤੱਥ ਸਾਹਮਣੇ ਲਿਆਂਦਾ ਹੈ ਕਿ ਜੀ.ਐਮ. ਫਸਲਾਂ ਬੀ.ਟੀ. ਟਾਕਸਿਨ ਨਾਂ ਦਾ ਖਤਰਨਾਕ ਕੀਟਨਾਸ਼ਕ ਪੈਦਾ ਕਰਦੀਆਂ ਹਨ।

ਅਨੁਵੰਸ਼ਿਕ ਫਸਲਾਂ ਦਾ ਝਾੜ ਅੱਗੋਂ ਘਟਦਾ ਜਾਂਦਾ ਹੈ। ਸਾਲ 2012 ਵਿਚ ਅਮਰੀਕਾ ਨੂੰ ਪਿਛਲੇ 50 ਸਾਲਾਂ ਤੋਂ ਵੀ ਵੱਧ ਭਿਆਨਕ ਔੜ ਦਾ ਸਾਹਮਣਾ ਕਰਨਾ ਪਿਆ ਜਿਸਦੇ ਸਿੱਟੇ ਵਜੋਂ ਇਨ੍ਹਾਂ ਫਸਲਾਂ ਦਾ ਝਾੜ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਜੀ.ਐਮ. ਫਸਲਾਂ ਦੀ ਕਾਸ਼ਤ ਨੂੰ ਸਨਅਤੀ ਖੇਤੀ ਦਾ ਅੰਤ ਹੀ ਮੰਨਿਆ ਗਿਆ ਹੈ। ਆਰਗੈਨਿਕ ਖੇਤੀ ਵਾਲੀ ਜ਼ਮੀਨ ਦੀ ਮਿੱਟੀ ਦੀ ਉਪਰਲੀ ਪਰਤ ਵਿਚ ਲੋੜੀਂਦੇ ਸੂਖਮ ਜੀਵਾਣੂ ਵਧੇਰੇ ਹੁੰਦੇ ਹਨ। ਇਹ ਪਾਣੀ ਨੂੰ ਆਪਣੇ ਵਿਚ ਸਮੋਣ ਵਿਚ ਸਹਾਇਤਾ ਕਰਦੀ ਹੈ ਜਿਹੜਾ ਔੜ ਸਮੇਂ ਕੰਮ ਆਉਂਦਾ ਹੈ ਜਦੋਂ ਕਿ ਜੀ.ਐਮ. ਫਸਲਾਂ ਵਾਤਾਵਰਨ ਲਈ ਬਹੁਤ ਅਹਿਮ ਜ਼ਮੀਨ ਵਿਚ ਮੌਜੂਦ ਸੂਖਮ ਜੀਵਾਂ ਤੇ ਤੱਤਾਂ ਨੂੰ ਜਲਦੀ ਖਤਮ ਕਰ ਕੇ ਮਿੱਟੀ ਦੀ ਉਪਰਲੀ ਪਰਤ ਨੂੰ ਪਾਣੀ ਸੋਖਣ ਦੇ ਅਯੋਗ ਬਣਾ ਦਿੰਦੀਆਂ ਹਨ। ਇਹ ਧਰਤੀ ਹੇਠਲੇ ਪਾਣੀ ਦੇ ਪ੍ਰਦੂਸ਼ਣ ਵਿਚ ਗੰਭੀਰ ਵਾਧਾ ਕਰਕੇ ਦੂਜੀਆਂ ਫਸਲਾਂ ਤੇ ਮਨੁੱਖੀ ਜੀਵਨ ਲਈ ਖਤਰਾ ਬਣਦੀਆਂ ਹਨ।

ਇੰਨਾ ਸਭ ਕੁੱਝ ਸਾਹਮਣੇ ਆਉਣ ਦੇ ਬਾਵਜੂਦ ਭਾਰਤ ਸਰਕਾਰ ਜੀ. ਐਮ. ਫਸਲਾਂ ਦੀ ਕਾਸ਼ਤ ਬਾਰੇ ਕੋਈ ਸਪਸ਼ਟ ਨਿਰਣਾ ਨਹੀਂ ਲੈ ਰਹੀ ਸਗੋਂ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਖੇਡਣ ਦੀ ਨੀਤੀ 'ਤੇ ਚੱਲ ਰਹੀ ਹੈ। ਦੇਸ਼ ਵਿਚ ਅਜਿਹਾ ਸਾਲ 1988 ਵਿਚ ਵਿਸ਼ਵ ਵਪਾਰ ਸੰਸਥਾ ਨਾਲ ਹੋਈ ਬੀਜ ਸੰਧੀ ਅਧੀਨ ਕੀਤਾ ਜਾ ਰਿਹਾ ਹੈ ਜਦੋਂ ਕਿ ਪੂੰਜੀਵਾਦੀ ਵਿਕਸਤ ਦੇਸ਼ ਜੀ.ਐਮ. ਫਸਲਾਂ ਤੋਂ ਕਿਨਾਰਾ ਕਰ ਰਹੇ ਹਨ। ਸਾਡੀ ਸਰਕਾਰ ਇਨ੍ਹਾਂ ਫਸਲਾਂ ਨੂੰ ਆਪਣੇ ਦੇਸ਼ ਅੰਦਰ ਲਿਆਉਣ ਲਈ ਬਹੁਤ ਗੰਭੀਰ ਹੈ। ਸਰਕਾਰ ਬੀਤੇ ਤੋਂ ਵੀ ਕੋਈ ਸਬਕ ਨਹੀਂ ਸਿੱਖ ਰਹੀ। ਭਾਰਤ ਅੰਦਰ ਉੱਤਰੀ ਜ਼ੋਨ ਖਾਸ ਕਰਕੇ ਮਹਾਰਾਸ਼ਟਰ ਦੇ ਕਿਸਾਨਾਂ ਨੂੰ ਬੀ. ਟੀ. ਕਾਟਨ ਦੀ ਕਾਸ਼ਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਜਿਸ ਦਾ ਸਿੱਟਾ ਸਾਡੇ ਸਾਹਮਣੇ ਹੈ। ਬੀ.ਟੀ. ਕਾਟਨ ਦੀ ਕਾਸ਼ਤ ਦਾ ਤਜਰਬਾ ਦੱਸਦਾ ਹੈ ਕਿ ਇਸ ਫਸਲ 'ਤੇ ਅਜਿਹੇ ਕੀਟਾਂ ਨੇ ਹਮਲਾ ਕੀਤਾ ਜਿਨ੍ਹਾਂ ਨੂੰ ਖਤਮ ਕਰਨ ਵਿਚ ਕੋਈ ਕੀਟਨਾਸ਼ਕ ਅਸਰਦਾਰ ਸਾਬਿਤ ਨਹੀਂ ਹੋਇਆ। ਕਰਜ਼ਿਆਂ ਹੇਠ ਦੱਬੀ ਕਿਸਾਨੀ ਖੁਦਕੁਸ਼ੀ ਦਾ ਰਾਹ ਫੜਨ ਲਈ ਮਜਬੂਰ ਹੋ ਗਈ। ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਜ਼ਿਆਦਾਤਰ ਮਾਮਲੇ ਉਨ੍ਹਾਂ ਖੇਤਰਾਂ ਵਿੱਚੋਂ ਆਏ ਸਨ ਜਿਨ੍ਹਾਂ ਖੇਤਰਾਂ ਵਿੱਚ ਬੀ.ਟੀ. ਕਾਟਨ ਦੀ ਕਾਸ਼ਤ ਕੀਤੀ ਜਾਂਦੀ ਹੈ।

ਸਰਕਾਰ ਸਿਰਫ ਸਨਅਤੀ ਘਰਾਣਿਆਂ ਅਤੇ ਅਜ਼ਾਰੇਦਾਰਾਂ ਦੇ ਮੁਨਾਫਿਆਂ ਲਈ ਚਿੰਤਤ ਰਹਿੰਦੀ ਹੈ। ਇਸ ਨੇ ਪਹਿਲਾਂ ਬਜਟ ਵਿਚ 5 ਲੱਖ ਕਰੋੜ ਰੁਪਏ ਇਨ੍ਹਾਂ ਘਰਾਣਿਆਂ ਦੀ ਸਹਾਇਤਾ ਲਈ ਰੱਖੇ ਅਤੇ ਹੁਣ ਚੁੱਪ-ਚੁਪੀਤੇ 1000 ਕਰੋੜ ਰੁਪਏ ਬੈਂਕਾਂ ਵੱਲੋਂ ਸਨਅਤਕਾਰਾਂ ਦੇ ਕਰਜ਼ਿਆਂ 'ਤੇ ਲੀਕ ਫੇਰ ਦਿੱਤੀ। ਜੀ.ਐਮ. ਫਸਲਾਂ ਦੀ ਆਮਦ ਕਿਸਾਨੀ ਅਤੇ ਮਨੁੱਖੀ ਜੀਵਨ ਲਈ ਘਾਤਕ ਹੋਵੇਗੀ। ਇਹ ਮਨੁੱਖ ਜਾਤੀ ਅਤੇ ਜੀਵ-ਜੰਤੂਆਂ ਦੀ ਹੋਂਦ 'ਤੇ ਪ੍ਰਸ਼ਨ ਚਿੰਨ੍ਹ ਲਗਾ ਦੇਣਗੀਆਂ।



# ਪਰਾਲੀ ਦੀ ਪਸ਼ੂ ਖੁਰਾਕ ਵਜੋਂ ਸੁਚੱਜੀ ਵਰਤੋਂ

**ਮੰਜੂ ਵਧਵਾ ਅਤੇ ਜਸਪਾਲ ਸਿੰਘ ਹੁੰਦਲ,** ਪਸ਼ੂ ਆਹਾਰ ਵਿਭਾਗ

ਪੰਜਾਬ ਵਿੱਚ ਪਸ਼ੂਆਂ ਨੂੰ ਚਾਰਨ ਲਈ ਲੋੜੀਂਦੇ 9.4 ਮਿਲੀਅਨ ਟਨ ਸੁੱਕੇ ਚਾਰੇ ਦੀ ਲੋੜ ਤੂੜੀ ਦੁਆਰਾ ਹੀ ਪੂਰੀ ਕੀਤੀ ਜਾਂਦੀ ਹੈ ਜਦਕਿ ਪਰਾਲੀ ਛੋਟੇ ਜ਼ਿੰਮੀਦਾਰਾਂ ਜਾਂ ਬੇਜ਼ਮੀਨਿਆਂ ਨੂੰ ਵੀ ਆਸਾਨੀ ਨਾਲ ਉਪਲੱਬਧ ਹੋ ਜਾਂਦੀ ਹੈ। 80 ਦੇ ਦਹਾਕੇ ਵਿੱਚ ਪਰਾਲੀ ਦੀ ਪਰਖ ਤੋਂ ਪਤਾ ਲੱਗਾ ਕਿ ਇਸ ਵਿੱਚ ਸੈਲੀਨੀਅਮ 2.14 ਪੀ.ਪੀ.ਐੱਮ. ਹੈ ਜਦੋਂਕਿ ਤੂੜੀ ਵਿੱਚ ਇਸ ਦੀ ਮਾਤਰਾ ਸਿਰਫ 0.21 ਪੀ.ਪੀ.ਐੱਮ ਹੀ ਹੁੰਦੀ ਹੈ (ਸਾਰਣੀ-1), ਜਿਸ ਕਰਕੇ ਕਿਸਾਨ, ਇਸ ਦੀ ਵਰਤੋਂ ਦੁਧਾਰੂਆਂ ਲਈ ਕਰਨ ਤੋਂ ਝਿਜਕਣ ਲੱਗੇ। ਪਰ ਪਿੱਛਲੇ ਦਹਾਕਿਆਂ ਵਿੱਚ ਜਮੀਨ ਤੋਂ ਸਾਲ ਵਿੱਚ 3 ਫਸਲਾਂ ਲੈਣ ਕਾਰਨ ਤੇਲ ਬੀਜ ਫ਼ਸਲਾਂ ਦੀ ਕਾਸ਼ਤ ਵਧਣ ਕਾਰਨ ਅਤੇ ਸਿੰਚਾਈ ਲਈ ਪਾਣੀ ਦਾ ਪੱਧਰ 250 ਫੁੱਟ ਤੱਕ ਪਹੁੰਚਣ ਕਰਕੇ, ਪਰਾਲੀ ਵਿੱਚ ਸੈਲੀਨੀਅਮ ਤੱਤ ਦਾ ਪੱਧਰ ਜ਼ਿਕਰਯੋਗ ਹੱਦ ਤੱਕ ਘੱਟ ਗਿਆ ਹੈ ਅਤੇ ਪਿਛਲੇ ਸਮੇਂ ਵਿੱਚ ਪਰਾਲੀ ਨਾਲ ਸੈਲੀਨੋਸਿਸ ਹੋਣ ਦਾ ਕੋਈ ਵੀ ਕੇਸ ਸਾਹਮਣੇ ਨਹੀਂ ਆਇਆ। ਬਦਲਦੇ ਹਾਲਾਤਾਂ ਵਿੱਚ ਕਿਸਾਨ ਦਾ ਦ੍ਰਿਸ਼ਟੀਕੋਣ ਵੀ ਬਦਲਿਆ ਅਤੇ ਉਸ ਨੇ ਪਰਾਲੀ ਪਸ਼ੂ ਖੁਰਾਕ ਵਜੋਂ ਵਰਤਣੀ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਤੂੜੀ ਦੀ ਕੀਮਤ 4-5 ਰੁਪਏ ਕਿੱਲੋ ਪਹੁੰਚ ਜਾਣ ਕਰਕੇ ਛੋਟੇ ਅਤੇ ਬੇਜ਼ਮੀਨੇ ਕਿਸਾਨਾਂ ਲਈ ਪਰਾਲੀ ਚਾਰਨ ਵੱਲ ਮੁੜਨਾ ਸੁਭਾਵਿਕ ਹੈ। ਪਸ਼ੂਆਂ ਲਈ ਪਰਾਲੀ ਦੀ ਵਰਤੋਂ ਅਨੇਕ ਰੂਪਾਂ ਵਿੱਚ ਕੀਤੀ ਜਾ ਸਕਦੀ ਹੈ। ਹਰੇ ਚਾਰੇ ਵਿੱਚ ਮਿਲਾ ਕੇ ਯੂਰੀਆ ਨਾਲ ਸੋਧ ਕੇ, ਖੁਰਾਕ ਦੀ ਸੰਪੂਰਣ ਭੇਲੀ ਬਣਾ ਕੇ ਜਾਂ ਪੈਲੇਟ ਬਣਾ ਕੇ ਅਤੇ ਖੁੰਬਾਂ ਉਠਾਉਣ ਉਪਰੰਤ ਬਚੀ ਪਰਾਲੀ ਦੇ ਤੌਰ 'ਤੇ।

**ਸਾਰਣੀ ਨੰ. 1 : ਤੂੜੀ ਅਤੇ ਪਰਾਲੀ ਵਿੱਚ ਸੈਲੀਨੀਅਮ ਦੀ ਮਾਤਰਾ ਅਤੇ ਸੁੱਕੇ ਮਾਦੇ ਦੀ ਖਪਤ**

| ਖੁਰਾਕ | ਸੈਲੀਨੀਅਮ (ਪੀ.ਪੀ.ਐੱਸ.) | ਸੁੱਕੇ ਮਾਦੇ ਦੀ ਖਪਤ (ਕਿੱਲੋ/ਦਿਨ) | ਸੈਲੀਨੀਅਮ ਖਪਤ | ਸੈਲੀਨੀਅਮ ਬਾਹਰ ਕੱਢਣਾ |
|---|---|---|---|---|
| ਯੂਰੀਆ ਨਾਲ ਸੋਧੀ ਤੂੜੀ | 0.21 | 6.22 | 1.31 | 0.06 |
| ਯੂਰੀਆ ਨਾਲ ਸੋਧੀ ਪਰਾਲੀ | 2.14 | 5.15 | 11.02 | 4.89 |

**ਪਰਾਲੀ ਯੂਰੀਆ ਨਾਲ ਸੋਧ ਕੇ**

ਸਿਫਾਰਿਸ਼ ਮੁਤਾਬਿਕ ਪਰਾਲੀ ਸੋਧਣ ਸਮੇਂ ਕਾਰਬਨ : ਨਾਈਟਰੋਜਨ ਦਾ ਅਨੁਪਾਤ ਢੁੱਕਵਾਂ ਰੱਖਣ ਲਈ 1.6 ਪ੍ਰਤੀਸ਼ਤ ਨਾਈਟ੍ਰੋਜਨ ਯੂਰੀਆ ਤੋਂ ਪਰਾਲੀ ਵਿੱਚ ਪਾਈ ਜਾਂਦੀ ਹੈ। ਪਰਾਲੀ ਚਾਰ ਕੁਇੰਟਲ ਦੇ ਬੈਚ ਵਿੱਚ ਸੋਧੀ ਜਾਂਦੀ ਹੈ ਅਤੇ ਇਸ ਨੂੰ ਸੋਧਣ ਦਾ ਤਰੀਕਾ ਹੇਠ ਲਿਖੇ ਅਨੁਸਾਰ ਹੈ :-

- 14 ਕਿਲੋ ਯੂਰੀਆ 200 ਲਿਟਰ ਪਾਣੀ ਵਿੱਚ ਘੋਲੋ
- ਯੂਰੀਏ ਦੇ ਘੋਲ ਨੂੰ 400 ਕਿੱਲੋ ਕੁਤਰੀ ਹੋਈ ਪਰਾਲੀ 'ਤੇ ਛਿੜਕੋ
- ਚੰਗੀ ਤਰ੍ਹਾਂ ਮਿਲਾਉਣ ਉਪਰੰਤ ਇਸ ਨੂੰ ਸ਼ੈੱਡ ਦੇ ਖੂੰਜੇ ਵਿੱਚ 9 ਦਿਨ ਲਈ ਦੱਬੋ।
- ਪਰਾਲੀ ਯੂਰੀਏ ਨਾਲ ਸੋਧਣ ਉਪਰੰਤ ਕਿਸਾਨ ਵੀਰ ਇਸ ਦਾ ਕੁੱਪ ਵੀ ਬੰਨ੍ਹ ਸਕਦੇ ਹਨ।
- 9 ਦਿਨਾਂ ਬਾਅਦ ਪਰਾਲੀ ਵਰਤਣਯੋਗ ਹੋ ਜਾਂਦੀ ਹੈ।

**ਸਾਰਣੀ ਨੰ. 2 : ਸੋਧੀ ਹੋਈ ਪਰਾਲੀ ਵਿੱਚ ਤੱਤਾਂ ਦੀ ਮਾਤਰਾ**

| ਖੁਰਾਕ | ਅਣਸੋਧੀ ਪਰਾਲੀ | ਸੋਧੀ ਹੋਈ ਪਰਾਲੀ | |
|---|---|---|---|
| | | ਢੇਰੀ ਬਣਾ ਕੇ | ਗੰਢਾਂ ਬਣਾ ਕੇ |
| ਆਰਗੈਨਿਕ ਤੱਤ | 85.8 | 84.3 | 85.5 |
| ਪ੍ਰੋਟੀਨ | 4.5 | 7.9 | 7.7 |
| ਐੱਨ. ਡੀ. ਐੱਫ. | 82.0 | 76.0 | 78.0 |
| ਹੈਮੀ ਸੈਲੂਲੋਜ਼ | 31.0 | 23.5 | 26.0 |

ਜੇਕਰ ਪਰਾਲੀ ਦੇ ਕੁਦਰਤੀ ਖਮੀਰੀਕਰਣ ਦੀ ਪ੍ਰਕਿਰਿਆ 'ਤੇ ਧਿਆਨ ਮਾਰੀਏ ਤਾਂ 9 ਦਿਨਾਂ ਵਿੱਚ ਯੂਰੀਆ ਅਮੋਨੀਆ ਵਿੱਚ ਤਬਦੀਲ ਹੋਣ ਕਾਰਨ ਇਸ ਤੋਂ ਪਸ਼ੂ ਨੂੰ ਕੋਈ ਨੁਕਸਾਨ ਦਾ ਡਰ ਨਹੀਂ ਰਹਿੰਦਾ। ਇਹ ਢੰਗ ਸੌਖਾਲਾ ਹੋਣ ਕਾਰਨ ਕਿਸਾਨ ਘਰੇਲੂ ਪੱਧਰ 'ਤੇ ਆਸਾਨੀ ਨਾਲ ਅਪਣਾ ਸਕਦੇ ਹਨ। ਇਸ ਤਰੀਕੇ ਨਾਲ ਸੋਧੀ ਪਰਾਲੀ ਇੱਕ ਸਾਲ ਤੱਕ ਬਿਨਾ ਮਿਆਰ ਨਾਲ ਸਮਝੌਤਾ ਕੀਤਿਆਂ ਸਾਂਭੀ ਜਾ ਸਕਦੀ ਹੈ ਅਤੇ ਇਸ ਵਿੱਚ ਕਦੇ ਸਲਮੋਨੈਲਾ ਜਾਂ ਈ ਕੋਲਾਈ ਨਾਮਕ ਨੁਕਸਾਨਦੇਹ ਸੂਖਮਜੀਵ ਵੀ ਨਹੀਂ ਪਾਏ ਗਏ। ਇਨ੍ਹਾਂ 9 ਦਿਨਾਂ ਦੇ ਸਮੇਂ ਦੌਰਾਨ ਪਰਾਲੀ ਵਿੱਚ ਤਿੰਨ ਤਰ੍ਹਾਂ ਦੀਆਂ ਪ੍ਰਕਿਰਿਆਵਾਂ ਹੁੰਦੀਆਂ ਹਨ :

ਭੌਤਿਕ, ਰਸਾਇਣਿਕ ਅਤੇ ਜੈਵਿਕ। ਯੂਰੀਆ ਨਾਲ ਪਰਾਲੀ ਵਿਚਲੇ ਸੂਖਮ ਜੀਵ ਕਿਰਿਆਸ਼ੀਲ ਹੋ ਜਾਂਦੇ ਹਨ ਜਿਸ ਕਾਰਨ ਯੂਰੀਆ ਅਮੋਨੀਆ ਗੈਸ ਵਿੱਚ ਤਬਦੀਲ ਹੋ ਜਾਂਦਾ ਹੈ। ਸੂਖਮ ਜੀਵਾਂ ਦੀਆਂ ਜੈਵਿਕ ਪ੍ਰਕਿਰਿਆਵਾਂ ਕਾਰਨ ਪਰਾਲੀ ਦੇ ਢੇਰ ਦਾ ਅੰਦਰਲਾ ਤਾਪਮਾਨ 50-55 ਡਿਗਰੀ ਸੈਲਸੀਅਸ (ਭੌਤਿਕ ਪ੍ਰਕਿਰਿਆ) ਤੱਕ ਪਹੁੰਚ ਜਾਂਦਾ ਹੈ ਅਤੇ ਪਰਾਲੀ ਵਿੱਚ ਸੂਖਮ ਜੀਵਾਂ ਤੋਂ ਬਣੇ ਪ੍ਰੋਟੀਨ ਦੀ ਮਾਤਰਾ ਵੱਧ ਜਾਂਦੀ ਹੈ। ਤਾਪਮਾਨ ਵੱਧਣ ਨਾਲ ਅਮੋਨੀਆ ਪਰਾਲੀ ਦੀ ਸੈੱਲ ਭਿਤੀ ਵਿੱਚ ਦਾਖਲ ਹੋ ਕੇ ਲਿਗਨੋ- ਸੈਲੂਲੋਸਿਕ ਬੰਧਨ (ਰਸਾਇਣਿਕ ਪ੍ਰਕਿਰਿਆ) ਤੋੜ ਦਿੰਦੀ ਹੈ ਅਤੇ ਰੂਮਨ ਦੇ ਸੂਖਮ ਜੀਵਾਂ ਲਈ ਉਪਲੱਬਧ ਸੈਲੂਲੋਜ਼ ਵਿੱਚ ਵਾਧਾ ਹੋ ਜਾਂਦਾ ਹੈ। ਜਿਸ ਕਾਰਨ ਸੋਧੀ ਹੋਈ ਪਰਾਲੀ ਵਿੱਚ ਅਣਸੋਧੀ ਪਰਾਲੀ ਦੇ ਮੁਕਾਬਲੇ ਵਧੇਰੇ ਤੱਤ ਹੋ ਜਾਂਦੇ ਹਨ। (ਸਾਰਣੀ 2)

ਅਜਿਹੀ ਪਰਾਲੀ ਵਿੱਚ ਵਧੇਰੇ ਪ੍ਰੋਟੀਨ ਅਤੇ ਘੱਟ ਰੇਸ਼ਾ ਹੁੰਦਾ ਹੈ। ਜੇਕਰ ਸੋਧੀ ਹੋਈ ਪਰਾਲੀ ਧਾਤਾਂ ਦੇ ਚੂਰੇ ਅਤੇ ਵਿਟਾਮਿਨ-ਏ ਨਾਲ ਚਾਰੀ ਜਾਵੇ ਤਾਂ ਭਰ ਜਵਾਨ ਮੱਝਾਂ ਦੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੁੰਦੀ ਹੈ।

ਪਸ਼ੂ ਆਹਾਰ ਵਿਭਾਗ ਵਿਖੇ ਕੱਟਿਆਂ 'ਤੇ ਕੀਤੀ ਖੋਜ ਤੋਂ ਸਿੱਧ ਹੋਇਆ ਹੈ ਕਿ ਯੂਰੀਆ ਨਾਲ ਸੋਧੀ ਤੂੜੀ ਦੀ ਵਰਤੋਂ ਸੁੱਕੇ ਮਾਦੇ ਦੀ ਖਪਤ ਤੋਂ ਇਲਾਵਾ ਅਨੇਕ ਲੋੜੀਂਦੇ ਤੱਤਾਂ ਦੀ ਪਚਣਯੋਗਤਾ ਵਧਾ ਦਿੰਦੀ ਹੈ (ਸਾਰਣੀ 3), ਜਿਸ ਕਾਰਨ ਖੁਰਾਕ ਦੀ ਜੈਵਿਕ ਵੈਲਿਊ ਵਿੱਚ ਅਣਸੋਧੀ ਪਰਾਲੀ ਯੁਕਤ ਖੁਰਾਕ ਮੁਕਾਬਲੇ ਜ਼ਿਕਰਯੋਗ ਵਾਧਾ ਹੁੰਦਾ ਹੈ। ਖੁਰਾਕੀ ਗੁਣਵੱਤਾ ਤੋਂ ਪਤਾ ਲੱਗਾ ਕਿ ਸੋਧੀ ਹੋਈ ਪਰਾਲੀ ਯੁਕਤ ਰਾਸ਼ਣ ਵਿੱਚ ਅਣਸੋਧੀ ਪਰਾਲੀ ਯੁਕਤ ਰਾਸ਼ਣ ਦੇ ਮੁਕਾਬਲੇ ਵਧੇਰੇ ਕੁਲ ਪਚਣਯੋਗ ਤੱਤ ਅਤੇ ਘੱਟ ਹਜ਼ਮ ਹੋਣ ਯੋਗ ਪ੍ਰੋਟੀਨ ਹੁੰਦੀ ਹੈ। ਵਧੇਰੇ ਖੁਰਾਕੀ ਤੱਤਾਂ ਕਾਰਨ ਇਸ ਦੀ ਵਰਤੋਂ ਕਰਨ ਨਾਲ ਕੱਟਿਆਂ ਦੇ ਭਾਰ ਵਿੱਚ 167 ਗ੍ਰਾਮ ਪ੍ਰਤੀ ਦਿਨ ਦੇ ਮੁਕਾਬਲੇ 250 ਗ੍ਰਾਮ ਪ੍ਰਤੀ ਦਿਨ ਵਾਧਾ ਹੁੰਦਾ ਹੈ। ਯੂਰੀਏ ਨਾਲ ਸੋਧੀ ਪਰਾਲੀ ਦਾ ਇਸਤੇਮਾਲ ਕਰਨ ਨਾਲ ਪਸ਼ੂਆਂ ਦੇ ਸਰੀਰ 'ਤੇ ਕੋਈ ਬੁਰਾ ਪ੍ਰਭਾਵ ਵੀ ਨਹੀਂ ਪੈਂਦਾ। ਦੁਧਾਰੂਆਂ 'ਤੇ ਕੀਤੀ ਖੋਜ ਤੋਂ ਪਤਾ ਲੱਗਾ ਕਿ ਆਮ ਪਰਾਲੀ ਦੇ ਮੁਕਾਬਲੇ ਇਸ ਪਰਾਲੀ ਦੀ ਵਰਤੋਂ ਨਾਲ ਪਸ਼ੂ ਵਧੇਰੇ (2.36 ਲਿਟਰ: 1.20 ਲਿਟਰ) ਪੈਦਾ ਕਰਦੇ ਹਨ ਅਤੇ ਗੱਭਣ ਪਸ਼ੂਆਂ ਦੇ ਸੂਣ ਉਪਰੰਤ ਕੱਟੂ ਦਾ ਭਾਰ 2.7 ਕਿੱਲੋ ਵਧੇਰੇ ਹੁੰਦਾ ਹੈ। ਉਹ ਵਧੇਰੇ ਸੁੱਕਾ ਮਾਦਾ ਅਤੇ ਪ੍ਰੋਟੀਨ ਖਾਂਦੇ ਹਨ ਅਤੇ ਉਨ੍ਹਾਂ ਦੇ ਦੁੱਧ ਵਿੱਚ ਤੱਤ ਵੀ ਵਧੇਰੇ ਹੁੰਦੇ ਹਨ। ਸੋਧੀ ਹੋਈ ਪਰਾਲੀ ਯੁਕਤ ਰਾਸ਼ਣ ਖਾਣ ਵਾਲੀਆਂ ਮੱਝਾਂ ਇੱਕ ਸੂਏ ਦਾ 1542 ਲਿਟਰ ਦੁੱਧ ਦਿੰਦੀਆਂ ਹਨ ਜਦੋਂਕਿ ਅਣਸੋਧੀ ਪਰਾਲੀ ਖਾਣ ਵਾਲੇ ਪਸ਼ੂ 1050 ਲਿਟਰ ਤੱਕ ਦੁੱਧ ਦਿੰਦੇ ਹਨ। ਉਹਨਾਂ ਦਾ ਭਾਰ ਘੱਟ ਖਰਦਾ ਹੈ। ਸੋਧੀ ਹੋਈ ਪਰਾਲੀ ਨਾਲ ਪਸ਼ੂਆਂ ਦੀ ਪੈਦਾਵਾਰ ਅਤੇ ਪ੍ਰਜਣਨ ਸ਼ਕਤੀ ਦੋਵਾਂ ਵਿੱਚ ਹੀ ਸੁਧਾਰ ਹੁੰਦਾ ਹੈ।

ਤਜ਼ਰਬੇ ਦੱਸਦੇ ਹਨ ਕਿ ਸੋਧੀ ਹੋਈ ਪਰਾਲੀ ਸਰੀਰਕ ਸੰਭਾਲ ਦੇ ਰਾਸ਼ਣ ਵਜੋਂ, ਕੁੱਝ ਹੱਦ ਤੱਕ ਪੈਦਾਵਾਰਿਕ ਲੋੜਾਂ ਪੂਰੀਆਂ ਕਰਨ ਲਈ, 0.5-1.5 ਲਿਟਰ/ਦਿਨ ਦੁੱਧ ਵਿੱਚ ਵਾਧਾ ਕਰਨ, ਪ੍ਰਜਣਨ ਸ਼ਕਤੀ ਵਿੱਚ ਸੁਧਾਰ ਅਤੇ ਵਧੀਆ ਸਿਹਤ ਬਣਾਈ ਰੱਖਣ ਦੇ ਸਮਰੱਥ ਹੈ। ਇਹ ਵਾਤਾਵਰਣ ਪ੍ਰਦੂਸ਼ਣ ਘਟਾਉਣ ਅਤੇ ਖੁਰਾਕ ਸਸਤੀ ਕਰਨ ਵਿੱਚ ਵੀ ਮੱਦਦਗਾਰ ਹੈ ਕਿਉਂਕਿ ਇਸ ਦੀ ਵਰਤੋਂ ਨਾਲ 60-65% ਖਲਾਂ ਬਚਾਈਆਂ ਜਾ ਸਕਦੀਆਂ ਹਨ।

**ਖੁੰਬਾਂ ਦੀ ਕਾਸ਼ਤ ਉਪਰੰਤ ਬਚੀ ਪਰਾਲੀ** : ਭਾਰਤ ਦੁਨੀਆਂ ਭਰ ਵਿੱਚ ਵਧੀਆ ਖੁੰਬਾਂ ਦੀ ਕਾਸ਼ਤ ਵਜੋਂ ਜਾਣਿਆ ਜਾਂਦਾ ਹੈ ਅਤੇ ਇਸ ਦੀ ਉਤਪਾਦਨ ਦਰ 5-7 ਮਿਲੀਅਨ (50-70 ਲੱਖ) ਟਨ ਪ੍ਰਤੀ ਕੁਇੰਟਲ ਤੋਂ ਵੱਧ ਹੈ। ਪੰਜਾਬ ਵਿੱਚ ਸਾਲਾਨਾ 48000 ਟਨ ਤੋਂ ਵਧੇਰੇ ਖੁੰਬ ਪੈਦਾ ਹੁੰਦੀ ਹੈ ਅਤੇ ਇਸ ਦਾ ਭਾਰਤ ਦੇ ਕੁੱਲ ਉਤਪਾਦਨ ਵਿੱਚ 20-25% ਤੱਕ ਦਾ ਯੋਗਦਾਨ ਹੈ। ਦੋ-ਤਿੰਨ ਕਿੱਲੋ ਖੁੰਬ ਉਗਾਉਣ ਲਈ 10 ਕਿੱਲੋ ਪਰਾਲੀ ਦੀ ਵਰਤੋਂ ਹੁੰਦੀ ਹੈ। ਆਮ ਤੌਰ 'ਤੇ ਖੁੰਬਾਂ ਦੀ ਕਾਸ਼ਤ ਤੋਂ ਬਾਅਦ ਬਚੀ ਪਰਾਲੀ ਖੇਤਾਂ ਵਿੱਚ ਹੀ ਵਰਤੀ ਜਾਂਦੀ ਹੈ, ਪਰ ਇਸ ਨੂੰ ਸੁਕਾਉਣ ਉਪਰੰਤ ਪਸ਼ੂ ਖੁਰਾਕ ਵਜੋਂ ਵੀ ਵਰਤਿਆ ਜਾ ਸਕਦਾ ਹੈ। ਖੁੰਬਾਂ ਦੀ ਕਾਸ਼ਤ ਲਈ ਪਰਾਲੀ ਅਤੇ ਤੂੜੀ 50:50 ਦੇ ਅਨੁਪਾਤ ਵਿੱਚ ਵੀ ਵਰਤੀ ਜਾ ਸਕਦੀ ਹੈ ਅਤੇ ਖੁੰਬਾਂ ਦੀ ਕਾਸ਼ਤ ਉਪਰੰਤ ਇਹ ਪਸ਼ੂਆਂ ਲਈ ਬਣਨ ਵਾਲੀ ਸੰਪੂਰਨ ਖੁਰਾਕ ਦਾ ਹਿੱਸਾ ਬਣ ਸਕਦੀ ਹੈ। ਇਸ ਨੂੰ ਚਾਰਨ ਨਾਲ ਖੁਰਾਕ ਖਾਣ ਦੀ ਸਮਰੱਥਾ, ਸੁਆਦ, ਤੱਤ ਦੀ ਹਜ਼ਮਯੋਗਤਾ ਅਤੇ ਸਰੀਰਕ ਵਰਤੋਂ ਵੀ ਅਸਰ ਅੰਦਾਜ਼ਾ ਨਹੀਂ ਹੁੰਦੀ। ਹੋਰ ਤਾਂ ਹੋਰ ਮਹਿੰਗੀਆਂ ਖਲਾਂ ਵੀ ਕੁਝ ਹੱਦ ਤੱਕ ਬਚਾਈਆਂ ਜਾ ਸਕਦੀਆਂ ਹਨ।



**ਪਰਾਲੀ ਦੀਆਂ ਗੰਢਾਂ ਬਣਾ ਕੇ ਵਰਤੋਂ** : ਝੋਨੇ ਦੀ ਕਾਸ਼ਤ ਉਪਰੰਤ ਪਰਾਲੀ ਦੀਆਂ ਆਟੋਮੈਟਿਕ ਮਸ਼ੀਨ ਨਾਲ ਗੰਢਾਂ (Bale) ਬਣਾਈਆਂ ਜਾ ਸਕਦੀਆਂ ਹਨ। ਲੋੜੀਂਦੀ ਮਸ਼ੀਨਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਲਗਭਗ 2.5 ਲੱਖ ਰੁਪਏ ਵਿੱਚ ਉਪਲੱਬਧ ਹੈ। ਇਹ 28-30 ਕਿੱਲੋ ਤੱਕ ਭਾਰੀਆਂ ਗੰਢਾਂ ਬਣਾਉਂਦੀ ਹੈ। ਅਜਿਹੀਆਂ ਗੰਢਾਂ ਸੋਕਾ ਜਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਜਿਵੇ ਕਿ ਰਾਜਸਥਾਨ, ਗੁਜਰਾਤ, ਜੰਮੂ-ਕਸ਼ਮੀਰ ਜਾਂ ਬਿਹਾਰ ਆਦਿ ਵਿੱਚ ਭੇਜੀਆਂ ਜਾ ਸਕਦੀਆਂ ਹਨ। ਗੰਢਾਂ ਬਣਨ ਸਮੇਂ ਪਰਾਲੀ ਨੂੰ ਯੂਰੀਏ ਦੇ ਘੋਲ ਦਾ ਛਿੜਕਾਅ ਕਰਕੇ 9 ਦਿਨ ਤੱਕ ਰੱਖਣ ਨਾਲ ਇਸ ਦੀ ਗੁਣਵੱਤਾ ਵੱਧ ਜਾਂਦੀ ਹੈ ਅਤੇ ਪਸ਼ੂ ਵਧੇਰੇ ਸੁਆਦ ਨਾਲ ਖਾਂਦੇ ਹਨ।

**ਸੰਪੂਰਣ ਖੁਰਾਕ ਦੀ ਭੇਲੀ (ਬਲਾਕ) ਜਾਂ ਪੈਲੇਟ ਬਣਾ ਕੇ** : ਪਰਾਲੀ ਸੰਪੂਰਨ ਖੁਰਾਕ ਦੀ ਭੇਲੀ ਬਣਾਉਣ ਲਈ ਬਹੁਤ ਢੁਕਵੀਂ ਹੈ। ਕੁਤਰੀ ਹੋਈ ਸੋਧੀ ਜਾਂ ਅਣਸੋਧੀ ਪਰਾਲੀ ਵਿੱਚ ਖਲਾਂ, ਚੌਲਾਂ ਦਾ ਬੂਰਾ, ਸੀਰਾ ਅਤੇ ਜੋੜਕ ਆਦਿ ਮਿਲਾ ਕੇ ਫੀਡ ਬਲਾਕ ਤਿਆਰ ਕੀਤਾ ਜਾ ਸਕਦਾ ਹੈ। ਬਲਾਕ ਬਣਾਉਣ ਵਾਲੀ ਮਸ਼ੀਨ 15 ਕਿੱਲੋ ਦੀ ਭੇਲੀ ਤਿਆਰ ਕਰਦੀ ਹੈ ਜੋ ਕਿ ਇੱਕ ਵੱਡੇ ਪਸ਼ੂ ਦੀਆਂ ਖੁਰਾਕੀ ਜ਼ਰੂਰਤਾਂ ਪੂਰੀਆਂ ਕਰਨ ਦੇ ਸਮਰੱਥ ਹੁੰਦੀ ਹੈ। ਖੁਰਾਕੀ ਭੇਲੀ ਦੀ ਕੀਮਤ ਮਿਆਰ ਦੇ ਆਧਾਰ 'ਤੇ 75 ਤੋਂ 115 ਰੁਪਏ ਤੱਕ ਪੈਂਦੀ ਹੈ ਅਤੇ ਇਹ ਬਲਾਕ ਦੂਰ-ਦੁਰਾਡੇ ਖੇਤਰਾਂ ਵਿੱਚ ਵੀ ਆਸਾਨੀ ਨਾਲ ਭੇਜੇ ਜਾ ਸਕਦੇ ਹਨ।

**ਸਾਰਣੀ ਨੰ. 3 : ਪਰਾਲੀ ਅਧਾਰਿਤ ਰਾਸ਼ਣ ਵਿੱਚੋਂ ਮੱਝਾਂ ਦੁਆਰਾ ਤੱਤਾਂ ਦੀ ਵਰਤੋਂ**


| ਤੱਤ | ਅਣਸੋਧੀ ਪਰਾਲੀ | ਸੋਧੀ ਹੋਈ |
|---|---|---|
| ਸੁੱਕੇ ਮਾਦੇ ਦੀ ਖਪਤ (ਕਿੱਲੋ/ਦਿਨ) ਤੱਤਾਂ ਦੀ ਪਚਣਯੋਗਤਾ (%) | 7.5 | 9.3 |
| ਆਰਗੈਨਿਕ ਮਾਦਾ | 46.2 | 55.3 |
| ਪ੍ਰੋਟੀਨ | 54. 6 | 30.2 |
| ਐੱਨ. ਡੀ. ਐਫ | 33.7 | 53.9 |
| ਹੈਮੀ ਸੈਲੂਲੋਜ਼ | 45.8 | 84.1 |
| ਸੈਲੂਲੋਜ਼ | 50.2 | 70.9 |
| **ਨਾਈਟ੍ਰੋਜਨ ਬੈਲੇਂਸ (ਗ੍ਰਾਮ/ਦਿਨ)** | | |
| ਨਾਈਟ੍ਰੋਜਨ ਖਪਤ | 64.4 | 86.2 |
| ਗੋਹੇ ਵਿੱਚ ਨਾਈਟ੍ਰੋਜਨ | 20.9 | 47.4 |
| ਪਿਸ਼ਾਬ ਵਿੱਚ ਨਾਈਟ੍ਰੋਜਨ | 18.1 | 11.6 |
| ਨਾਈਟ੍ਰੋਜਨ ਜਮ੍ਹਾ | 26.5 | 27.3 |
| ਜੈਵਿਕ ਵੈਲਿਊ | 59.5 | 69.6 |

ਪਸ਼ੂ ਆਹਾਰ ਵਿਭਾਗ ਵਿਖੇ ਪਰਾਲੀ ਵਿੱਚ ਵੱਖ-ਵੱਖ ਖੇਤੀ ਉਪਜਾਂ ਜਾਂ ਸਹਿ ਉਤਪਾਦ ਮਿਲਾ ਕੇ ਪੈਲੇਟ ਜਾਂ ਗੋਲੀਆਂ ਵਾਲੀ ਖੁਰਾਕ ਬਣਾਉਣ ਉੱਤੇ ਵੀ ਕੰਮ ਚੱਲ ਰਿਹਾ ਹੈ ਅਤੇ ਇਸ ਖੋਜ ਦੇ ਨੇਪਰੇ ਚੜ੍ਹਨ ਨਾਲ ਪਰਾਲੀ ਨੂੰ ਹੋਰ ਵੀ ਸੁਚੱਜੇ ਢੰਗ ਨਾਲ ਪਸ਼ੂ ਖੁਰਾਕ ਵਜੋਂ ਵਰਤਣ ਦੇ ਰਾਹ ਖੁੱਲ੍ਹ ਜਾਣਗੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੋਧੀ ਜਾਂ ਅਣਸੋਧੀ ਪਰਾਲੀ ਪਸ਼ੂ ਖੁਰਾਕ ਵਿੱਚ ਸਿੱਧੇ ਤੌਰ 'ਤੇ, ਗੰਢਾਂ, ਪਸ਼ੂ ਖੁਰਾਕ ਭੇਲੀ ਜਾਂ ਪੈਲੇਟ ਬਣਾ ਕੇ ਅਸਰਦਾਰ ਢੰਗ ਨਾਲ ਵਰਤੀ ਜਾ ਸਕਦੀ ਹੈ। ਪਰਾਲੀ ਦੀ ਅਜਿਹੀ ਵਰਤੋਂ ਜਿੱਥੇ ਪਸ਼ੂਆਂ ਦੀਆਂ ਖੁਰਾਕੀ ਲੋੜਾਂ ਪੂਰੀਆਂ ਕਰਨ ਵੱਲ ਸੇਧਿਤ ਹੋਵੇਗੀ, ਉੱਥੇ ਹੀ ਇਸ ਨੂੰ ਖੇਤਾਂ ਵਿੱਚ ਸਾੜਨ ਨਾਲ ਪੈਦਾ ਹੋਣ ਵਾਲੇ ਵਾਤਾਵਰਣ ਪ੍ਰਦੂਸ਼ਣ ਨੂੰ ਘਟਾਉਣ ਲਈ ਮੀਲ ਦਾ ਪੱਥਰ ਵੀ ਸਾਬਿਤ ਹੋਵੇਗੀ।

# ਪੰਜਾਬ ਦੀ ਖੇਤੀ ਨੂੰ ਦਰਪੇਸ਼ ਚੁਣੌਤੀਆਂ

ਪੰਜਾਬ 'ਚ ਫਸਲੀ ਵਿਭਿੰਨਤਾ 'ਚ ਕੋਈ ਪ੍ਰਾਪਤੀ ਨਹੀਂ ਹੋਈ। ਕਈ ਵਾਰ ਸਰਕਾਰ ਨੇ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ ਲਈ ਯੋਜਨਾ ਬਣਾਈ, ਪ੍ਰੰਤੂ ਕਾਮਯਾਬੀ ਨਹੀਂ ਮਿਲੀ। ਹਰ ਸਾਲ ਝੋਨੇ ਦੀ ਕਾਸ਼ਤ ਥੱਲੇ ਰਕਬਾ ਵਧਦਾ ਗਿਆ ਅਤੇ ਅੰਤ 'ਚ ਹੁਣ 32 ਲੱਖ ਹੈਕਟੇਅਰ ਤੱਕ ਪਹੁੰਚ ਗਿਆ। ਕਣਕ ਦੀ ਕਾਸ਼ਤ ਬਾਦਸਤੂਰ 35-36 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਜਾ ਰਹੀ ਹੈ। ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ ਦੀ ਸਖਤ ਲੋੜ ਹੈ, ਕਿਉਂਕਿ ਜ਼ਮੀਨ ਥੱਲੇ ਦੇ ਪਾਣੀ ਦਾ ਪੱਧਰ ਤੇਜ਼ੀ ਨਾਲ ਘੱਟ ਜਾ ਰਿਹਾ ਹੈ।



ਭਗਵਾਨ ਦਾਸ

ਖੇਤੀ ਜਿਣਸਾਂ ਦੀਆਂ ਕੀਮਤਾਂ ਕਿਸਾਨਾਂ ਨੂੰ ਪ੍ਰੋ. ਐਮ ਐਸ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਨਾ ਮਿਲਣ ਕਾਰਨ ਅਤੇ ਭਵਿੱਖ 'ਚ ਐਮ ਐਸ ਪੀ ਦੀ ਗਰੰਟੀ ਨਾ ਹੋਣ ਕਾਰਨ ਉਨ੍ਹਾਂ 'ਚ ਰੋਸ ਹੈ, ਜੋ ਉਹ ਧਰਨੇ, ਰੈਲੀਆਂ ਕਰ ਕੇ ਜ਼ਾਹਿਰ ਕਰ ਰਹੇ ਹਨ। ਤਕਰੀਬਨ 49 ਫੀਸਦੀ ਜਨਸੰਖਿਆ ਨੂੰ ਖੇਤੀਬਾੜੀ ਰੁਜ਼ਗਾਰ ਮੁਹੱਈਆ ਕਰਦੀ ਹੈ। ਭਾਰਤ ਦੇ ਆਜ਼ਾਦ ਹੋਣ ਵੇਲੇ 70 ਫੀਸਦੀ ਤੋਂ ਵੱਧ ਜਨਸੰਖਿਆ ਇਸ ਕਿੱਤੇ 'ਚ ਲੱਗੀ ਹੋਈ ਸੀ। ਖੇਤੀ ਵਿਕਾਸ ਦਰ ਦਾ ਯੋਗ ਢੰਗ ਨਾਲ ਨਾ ਵਧਣਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਖੇਤੀ ਆਮਦਨ ਵਧਾਉਣ ਲਈ ਕਈ ਚੁਣੌਤੀਆਂ ਸਾਹਮਣੇ ਹਨ, ਜਿਨ੍ਹਾਂ ਨੂੰ ਦੂਰ ਕਰਨਾ ਪਵੇਗਾ।

ਖੇਤੀ ਖੋਜ 'ਚ ਤਬਦੀਲੀ ਲਿਆਉਣ ਦੀ ਲੋੜ ਹੈ। ਜੋ ਕਣਕ, ਝੋਨੇ ਤੋਂ ਇਲਾਵਾ ਹੋਰ ਫਸਲਾਂ ਦੀ ਖੋਜ 'ਤੇ ਵੀ ਜ਼ੋਰ ਦੇਵੇ, ਜਿਨ੍ਹਾਂ ਨੂੰ ਬਦਲ ਵਜੋਂ ਚੁਣਿਆ ਜਾ ਸਕੇ। ਪਹਿਲੇ ਸਬਜ਼-ਇਨਕਲਾਬ ਦੌਰਾਨ ਸਫਲਤਾ ਮਿਲਣ ਤੋਂ ਬਾਅਦ ਇਹ ਸਥਿਤੀ ਹੋ ਗਈ ਕਿ ਭਾਰਤ ਅਨਾਜ ਪੱਖੋਂ ਆਤਮ-ਨਿਰਭਰ ਹੀ ਨਹੀਂ, ਸਗੋਂ ਅਨਾਜ ਬਰਾਮਦ ਕਰਨ ਦੇ ਯੋਗ ਵੀ ਹੋ ਗਿਆ। ਹੁਣ ਅੰਨ ਸੁਰੱਖਿਆ ਨਾਲੋਂ ਵਧੇਰੇ ਲੋੜ ਪੋਸ਼ਟਿਕ ਸੁਰੱਖਿਆ ਦੀ ਹੋ ਗਈ ਹੈ। ਖੋਜ ਨੂੰ ਪਸ਼ੂ ਪਾਲਣ, ਬਾਗਬਾਨੀ ਤੇ ਸਬਜ਼ੀਆਂ ਦੀ ਕਾਸ਼ਤ, ਦਾਲਾਂ ਮੱਛੀਆਂ ਦੀ ਪੈਦਾਵਾਰ ਅਤੇ ਤੇਲ ਬੀਜ ਆਦਿ ਫਸਲਾਂ ਦੀ ਬੀਜ ਖੋਜ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਇਨ੍ਹਾਂ ਕਿੱਤਿਆਂ 'ਚ ਪੈਦਾਵਾਰ ਵਧੇ। ਗੁਣਵੱਤਾ ਵਧਾਉਣ ਲਈ ਵਿਸ਼ੇਸ਼ ਧਿਆਨ ਦਿੱਤਾ ਜਾਏ।



ਵਿਆਪਕ ਤਪਸ਼ ਇਕ ਵੱਡੀ ਸਮੱਸਿਆ ਦਿਖਾਈ ਦੇ ਰਹੀ ਹੈ। ਵਾਤਾਵਰਨ ਗਰਮ ਹੋਣ ਨਾਲ ਪਹਾੜਾਂ 'ਚ ਗਲੇਸ਼ੀਅਰ ਪਿਘਲ ਜਾਂਦੇ ਹਨ, ਜੋ ਸਿੰਜਾਈ ਲਈ ਪਾਣੀ ਮੁਹੱਈਆ ਕਰਨ ਦਾ ਸੋਮਾ ਹੁੰਦੇ ਹਨ। ਮਾਹਿਰਾਂ ਨੇ ਅਨੁਮਾਨ ਲਗਾਇਆ ਹੈ ਕਿ ਤਪਸ਼ ਨਾਲ ਇਕ ਡਿਗਰੀ ਸੈਲਸੀਅਸ, ਤਾਪਮਾਨ ਵਧਣ ਨਾਲ ਚੌਲਾਂ ਦਾ ਉਤਪਾਦਨ 10 ਫੀਸਦੀ ਤੱਕ ਘੱਟ ਸਕਦਾ ਹੈ। ਵਿਸ਼ਵ ਦੀ ਦੋ-ਤਿਹਾਈ ਆਬਾਦੀ ਖੁਰਾਕ ਲਈ ਚੌਲਾਂ 'ਤੇ ਨਿਰਭਰ ਹੈ। ਸਾਲ 2050 ਤੱਕ ਤਪਸ਼ ਦੇ 1-2 ਡਿਗਰੀ ਸੈਲਸੀਅਸ ਤੱਕ ਵਧਣ ਦੀ ਸੰਭਾਵਨਾ ਹੈ। ਕਿਸਾਨਾਂ ਨੂੰ ਆਪਣਾ ਫਸਲੀ-ਚੱਕਰ ਅਤੇ ਆਪਣੇ ਸਿੰਜਾਈ ਦੇ ਸਾਧਨ ਇਸ ਨੂੰ ਮੁੱਖ ਰੱਖਦਿਆਂ ਅਪਣਾਉਣੇ ਪੈਣਗੇ। ਖੋਜਕਾਰਾਂ ਨੂੰ ਵੀ ਆਪਣੀ ਖੋਜ ਇਸ ਅਨੁਸਾਰ ਢਾਲਣੀ ਪਵੇਗੀ। ਫਸਲ 'ਚ ਪਾਣੀ ਖੜ੍ਹਾ ਰੱਖਣ ਅਤੇ ਵਧੇਰੇ ਪਾਣੀ ਦੇਣ ਦੀ ਥਾਂ ਤੁਪਕਾ ਸਿੰਜਾਈ ਦੇ ਸਾਧਨ ਵਰਤਣੇ ਪੈਣਗੇ, ਜਿਸ ਉਪਰੰਤ ਪਾਣੀ ਦੀ ਬੱਚਤ ਹੋਵੇਗੀ ਅਤੇ ਇਸ ਤਕਨਾਲੋਜੀ ਨਾਲ ਉਤਪਾਦਕਤਾ 'ਚ ਵੀ ਵਾਧਾ ਹੋਵੇਗਾ। ਖੇਤੀ ਮਾਹਿਰ ਤੇ ਅਰਥਸ਼ਾਸਤਰੀ ਵਿਗਿਆਨੀ ਸਲਾਹ ਦਿੰਦੇ ਹਨ ਕਿ ਪਾਣੀ ਦੀ ਖਪਤ ਘਟਾਉਣ ਲਈ ਟਿਊਬਵੈੱਲਾਂ ਨੂੰ ਮੁਫਤ ਬਿਜਲੀ ਦੀ ਸਹੂਲੀਅਤ ਦਾ ਦਿੱਤਾ ਜਾਣਾ ਖਤਮ ਹੋਣਾ ਚਾਹੀਦਾ ਹੈ। ਇਸ ਨਾਲ ਪਾਣੀ ਵੱਡੀ ਮਾਤਰਾ 'ਚ ਬਰਬਾਦ ਹੋ ਰਿਹਾ ਹੈ, ਪ੍ਰੰਤੂ ਅਜਿਹਾ ਰਾਜਨੀਤਕ ਕਾਰਨਾਂ ਕਰਕੇ ਨਹੀਂ ਕੀਤਾ ਜਾ ਰਿਹਾ।

ਯੂਰੀਆ ਤੇ ਡੀ. ਏ. ਪੀ. ਦੀ ਕਮੀ ਹੋਣ ਦੇ ਬਾਵਜੂਦ ਕਿਸਾਨ ਫਸਲ 'ਚ ਇਨ੍ਹਾਂ ਖਾਦਾਂ ਨੂੰ ਮਾਹਰਾਂ ਅਤੇ ਪੀ. ਏ. ਯੂ. ਦੀਆਂ ਸਿਫਾਰਸ਼ਾਂ ਨਾਲੋਂ ਵਧਾ ਕੇ ਪਾਈ ਜਾ ਰਹੇ ਹਨ। ਕਣਕ 'ਚ ਪ੍ਰਤੀ ਏਕੜ 110 ਕਿਲੋ ਯੂਰੀਆ ਲੋੜੀਂਦਾ ਹੈ ਅਤੇ 55 ਕਿਲੋ ਪ੍ਰਤੀ .ਏਕੜ ਡਾਇਆਮੋਨੀਅਮ ਫਾਸਫੇਟ (ਡੀ. ਏ. ਪੀ.)। ਜਦੋਂ ਕਿ ਕਿਸਾਨ ਯੂਰੀਆ 200-225 ਕਿਲੋ ਅਤੇ ਡੀ. ਏ. ਪੀ. 150 ਕਿਲੋ ਪ੍ਰਤੀ ਏਕੜ ਤੱਕ ਵੀ ਫਸਲ ਨੂੰ ਦੇ ਰਹੇ ਹਨ। ਯੂਰੀਆ ਅਤੇ ਡੀ. ਏ. ਪੀ. 'ਤੇ ਭਾਰੀ ਸਬਸਿਡੀ ਹੋਣ ਕਾਰਨ ਅਤੇ ਇਹ ਵਿਸ਼ਵਾਸ ਹੋਣ ਕਾਰਨ ਕਿ ਇਨ੍ਹਾਂ ਦੀ ਜ਼ਿਆਦਾ ਵਰਤੋਂ ਕਰਨ ਨਾਲ ਉਤਪਾਦਕਤਾ 'ਚ ਵਾਧਾ ਹੁੰਦਾ ਹੈ, ਕਿਸਾਨ ਦਿਨੋ-ਦਿਨ ਇਨ੍ਹਾਂ ਖਾਦਾਂ ਦੀ ਖਪਤ ਵਧਾਈ ਜਾ ਰਹੇ ਹਨ। ਭਾਰਤ 105 ਲੱਖ ਟਨ ਤੱਕ ਡੀ. ਏ. ਪੀ. ਅਤੇ 355 ਲੱਖ ਟਨ ਯੂਰੀਆ ਸਾਲਾਨਾ ਵਰਤਦਾ ਹੈ। ਇਨ੍ਹਾਂ ਖਾਦਾਂ ਦਾ ਤਕਰੀਬਨ ਅੱਧਾ ਹਿੱਸਾ ਚੀਨ, ਸਾਊਦੀ ਅਰਬ, ਮੋਰੱਕੋ, ਰੂਸ ਅਤੇ ਹੋਰ ਦੂਜੇ ਮੁਲਕਾਂ ਤੋਂ ਦਰਾਮਦ ਕਰ ਕੇ ਖੇਤੀ ਲਈ ਮੁਹੱਈਆ ਕੀਤਾ ਜਾਂਦਾ ਹੈ। ਇਸ ਸਾਲ ਭਾਰਤ ਨੇ ਅਪ੍ਰੈਲ ਤੋਂ ਅਗਸਤ ਤੱਕ ਤਕਰੀਬਨ 16 ਲੱਖ ਟਨ ਡੀ. ਏ. ਪੀ. ਦਰਾਮਦ ਕੀਤਾ, ਜੋ ਪਿਛਲੇ ਸਾਲ ਦੇ ਇਸੇ ਅਰਸੇ ਦੌਰਾਨ ਦਰਾਮਦ ਕੀਤੇ ਗਏ 32.50 ਲੱਖ ਟਨ ਨਾਲੋਂ ਘੱਟ ਹੈ। ਘੱਟ ਦਰਾਮਦ ਚੀਨ ਵੱਲੋਂ ਬਰਾਮਦ 'ਤੇ ਰੋਕਾਂ ਲਗਾਉਣ ਦੇ ਨਤੀਜੇ ਵਜੋਂ ਹੋਈ ਹੈ। ਇਸ ਸਾਲ ਰੱਬੀ ਦੇ ਮੌਸਮ 'ਚ ਡੀ.ਏ.ਪੀ. ਦੀ ਉਪਲਬਧਤਾ 'ਚ ਬੜੀ ਕਮੀ ਹੋਣ ਦੀ ਸੰਭਾਵਨਾ ਹੈ। ਖਰੀਫ ਦੇ ਮੌਸਮ 'ਚ ਵੀ ਡੀ. ਏ. ਪੀ. ਦੀ ਦਰਾਮਦ ਪਿਛਲੇ ਸਾਲ ਨਾਲੋਂ ਘੱਟ ਹੋਈ ਸੀ। ਕਮੀ ਨੂੰ 12:32:16, 16:16:16 ਅਤੇ 20:20:11 ਆਦਿ ਜਿਹੀਆਂ ਐੱਨ. ਪੀ. ਕੇ. ਮਿਕਸਚਰਾਂ ਦੀ ਵਰਤੋਂ ਕਰ ਕੇ ਪੂਰਾ ਕੀਤਾ ਗਿਆ। ਲੋੜ ਹੈ ਕਿਸਾਨਾਂ ਵਲੋਂ ਖਪਤ ਵੀ ਘਟਾਉਣ ਦੀ। ਇਸ ਨਾਲ ਵਿਦੇਸ਼ੀ ਮੁਦਰਾ ਦੀ ਬੱਚਤ ਹੋਵੇਗੀ ਅਤੇ ਸਰਕਾਰੀ ਖਜ਼ਾਨੇ 'ਚੋਂ ਭਾਰੀ ਸਬਸਿਡੀ ਦਿੱਤੇ ਜਾਣ ਨਾਲ ਬੋਝ ਵੀ ਘਟੇਗਾ। ਬਚਿਆ ਪੈਸਾ ਖੇਤੀ ਦੇ ਕਿਸੇ ਹੋਰ ਖੇਤਰ 'ਚ ਵਿਕਾਸ ਲਈ ਵਰਤਿਆ ਜਾ ਸਕੇਗਾ।

ਪੰਜਾਬ 'ਚ ਫਸਲੀ ਵਿਭਿੰਨਤਾ 'ਚ ਕੋਈ ਪ੍ਰਾਪਤੀ ਨਹੀਂ ਹੋਈ। ਕਈ ਵਾਰ ਸਰਕਾਰ ਨੇ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ ਲਈ ਯੋਜਨਾ ਬਣਾਈ, ਪ੍ਰੰਤੂ ਕਾਮਯਾਬੀ ਨਹੀਂ ਮਿਲੀ। ਹਰ ਸਾਲ ਝੋਨੇ ਦੀ ਕਾਸ਼ਤ ਥੱਲੇ ਰਕਬਾ ਵਧਦਾ ਗਿਆ ਅਤੇ ਅੰਤ 'ਚ ਹੁਣ 32 ਲੱਖ ਹੈਕਟੇਅਰ ਤੱਕ ਪਹੁੰਚ ਗਿਆ। ਕਣਕ ਦੀ ਕਾਸ਼ਤ ਬਾਦਸਤੂਰ 35-36 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਜਾ ਰਹੀ ਹੈ। ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ ਦੀ ਸਖਤ ਲੋੜ ਹੈ, ਕਿਉਂਕਿ ਜ਼ਮੀਨ ਥੱਲੇ ਦੇ ਪਾਣੀ ਦਾ ਪੱਧਰ ਤੇਜ਼ੀ ਨਾਲ ਘੱਟ ਜਾ ਰਿਹਾ ਹੈ। ਖੇਤੀ ਖੋਜ ਖਰੀਫ ਦੇ ਮੌਸਮ 'ਚ ਕਿਸਾਨਾਂ ਨੂੰ ਕੋਈ ਝੋਨੇ ਦੀ ਫਸਲ ਜਿੰਨਾ ਲਾਹੇਵੰਦ ਬਦਲ ਦਾ ਸੁਝਾਅ ਨਹੀਂ ਦੇ ਸਕੀ। ਕੇਵਲ ਬਾਸਮਤੀ ਦੀ ਕਾਸ਼ਤ ਥੱਲੇ ਰਕਬਾ ਵਧਿਆ ਹੈ, ਜੋ ਇਸ ਸਾਲ 7 ਲੱਖ ਹੈਕਟੇਅਰ ਤੱਕ ਚਲਾ ਗਿਆ। ਮਾਹਿਰਾਂ ਅਨੁਸਾਰ ਇਹ ਰਕਬਾ 10 ਲੱਖ ਹੈਕਟੇਅਰ ਤੱਕ ਲਿਜਾਇਆ ਜਾ ਸਕਦਾ ਹੈ। ਤੇਲ ਬੀਜ ਫਸਲਾਂ ਦੀ ਦਰਾਮਦ 'ਤੇ ਭਾਰਤ ਸਰਕਾਰ ਕਾਫੀ ਵੱਡੀ ਰਕਮ ਖਰਚ ਕਰ ਰਹੀ ਹੈ। ਇਸ ਸੰਬੰਧੀ ਜੀ. ਐਮ. ਤਕਨੀਕ ਵਿਧੀ ਅਪਨਾਉਣ ਨਾਲ ਉਤਪਾਦਨ ਵਧ ਸਕਦਾ ਸੀ, ਪ੍ਰੰਤੂ ਇਸ ਦੀ ਕਿਸਾਨ ਸੰਸਥਾਵਾਂ ਵੱਲੋਂ ਪਿੱਛੇ ਜਿਹੇ ਚੰਡੀਗੜ੍ਹ 'ਚ ਕਾਨਫਰੰਸ ਕਰ ਕੇ ਸਖਤ ਵਿਰੋਧਤਾ ਕੀਤੀ ਗਈ ਹੈ।

ਫਸਲਾਂ ਦੀ ਕਾਸ਼ਤ ਦੇ ਖਰਚੇ ਲਗਾਤਾਰ ਵਧ ਰਹੇ ਹਨ, ਜਿਸ ਕਾਰਨ ਕਿਸਾਨਾਂ ਸ਼ੁੱਧ ਮੁਨਾਫਾ ਘਟ ਰਿਹਾ ਹੈ। ਫਸਲਾਂ ਦੀ ਉਤਪਾਦਕਤਾ 'ਚ ਖੜ੍ਹੋਤ ਦਾ ਮਾਹੌਲ ਹੈ। ਅੱਧੀ ਆਬਾਦੀ ਨੂੰ ਖੇਤੀ ਹੀ ਰੁਜ਼ਗਾਰ ਮੁਹੱਈਆ ਕਰਦੀ ਹੈ। ਤਕਰੀਬਨ 15-16 ਫੀਸਦੀ ਲੋਕ ਗਰੀਬੀ 'ਚ ਰਹਿ ਰਹੇ ਹਨ, ਜਿਨ੍ਹਾਂ ਨੂੰ ਢਿੱਡ ਭਰ ਕੇ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੋ ਰਹੀ। ਇਹ ਨਹੀਂ ਕਿ ਭਾਰਤ 'ਚ ਹੋਏ ਉਤਪਾਦਨ 'ਚੋਂ ਉਨ੍ਹਾਂ ਨੂੰ ਖੁਰਾਕ ਮੁਹੱਈਆ ਨਹੀਂ ਕੀਤੀ ਜਾ ਸਕਦੀ, ਪਰ ਉਨ੍ਹਾਂ ਕੋਲ ਖਰੀਦ ਸ਼ਕਤੀ ਨਹੀਂ, ਜਿਸ ਨੂੰ ਪੈਦਾ ਕਰਨ ਦੀ ਲੋੜ ਹੈ। ਭਾਵੇਂ ਸਰਕਾਰ ਵੱਲੋਂ ਇਸ ਲਈ ਕਈ ਪ੍ਰੋਗਰਾਮ ਅਮਲ 'ਚ ਲਿਆਂਦੇ ਗਏ ਹਨ, ਜਿਨ੍ਹਾਂ ਅਧੀਨ ਸਹਾਇਤਾ ਲੈ ਕੇ ਉਹ ਆਪਣਾ ਜੀਵਨ ਬਸਰ ਕਰ ਸਕਦੇ ਹਨ। ਪੰਜਾਬ 'ਚ ਪ੍ਰਤੀ ਜੀਅ ਆਮਦਨ ਘਟ ਰਹੀ ਹੈ, ਜਿਸ ਨੂੰ ਉਦਯੋਗ ਤੇ ਖੇਤੀ ਦੇ ਕੰਮਾਂ ਨੂੰ ਉਤਸ਼ਾਹ ਦੇ ਕੇ ਹੀ ਵਧਾਇਆ ਜਾ ਸਕਦਾ ਹੈ।

# ਕਈ ਰੋਗਾਂ ਦਾ ਇਲਾਜ ਦਾ ਹੈ ਗਿਲੋਅ



ਗਿਲੋਅ ਗਰਮ ਤਾਸੀਰ ਦੀ ਹੁੰਦੀ ਹੈ। ਮਲੇਰੀਆ, ਪੁਰਾਣਾ ਬੁਖਾਰ, ਸ਼ੂਗਰ ਤੇ ਪਿਸ਼ਾਬ ਵਿਕਾਰਾਂ ਵਿਚ ਇਸ ਦੇ ਰਸ ਦੀ ਵਰਤੋਂ ਬਹੁਤ ਲਾਭਕਾਰੀ ਹੁੰਦੀ ਹੈ।

ਆਯੁਰਵੈਦਿਕ ਵਾਤ, ਪਿੱਤ, ਕਫ ਦੇ ਸਿਧਾਂਤ ਅਨੁਸਾਰ ਇਸ ਨੂੰ ਤ੍ਰਿਦੋਸ਼ ਨਾਸ਼ਿਕ ਕਿਹਾ ਗਿਆ ਹੈ। ਗਿਲੋਅ ਗਰਮ ਤਾਸੀਰ ਦੀ ਹੁੰਦੀ ਹੈ। ਮਲੇਰੀਆ, ਪੁਰਾਣਾ ਬੁਖਾਰ, ਸ਼ੂਗਰ ਤੇ ਪਿਸ਼ਾਬ ਵਿਕਾਰਾਂ ਵਿਚ ਇਸ ਦੇ ਰਸ ਦੀ ਵਰਤੋਂ ਬਹੁਤ ਲਾਭਕਾਰੀ ਹੁੰਦੀ ਹੈ। ਇਸ ਦੇ ਪੱਤਿਆਂ ਵਿਚ ਭਰਪੂਰ ਪ੍ਰੋਟੀਨ, ਕੈਲਸ਼ੀਅਮ ਤੇ ਫਾਸਫੋਰਸ ਅੰਸ਼ਕ ਰੂਪ ਵਿਚ ਹੁੰਦਾ ਹੈ। ਅਸਿੱਧੇ ਰੂਪ ਵਿਚ ਇਸ ਨਾਲ ਸਰੀਰ ਦੀ ਪਾਚਨ ਕਿਰਿਆ ਪ੍ਰਭਾਵਸ਼ਾਲੀ ਢੰਗ ਕੰਮ ਕਰਦੀ ਹੈ। ਇਸ ਦਾ ਇੰਸੁਲਿਨ ਰਿਲੀਜ਼ ਕਰਨ 'ਤੇ ਪ੍ਰਭਾਵ ਹੋਣ ਕਾਰਨ ਇਹ ਸ਼ੂਗਰ ਵਿਚ ਬਹੁਤ ਲਾਭਕਾਰੀ ਸਿੱਧ ਹੋਈ ਹੈ। ਅੱਜ ਤੱਕ ਹੋਈਆਂ ਖੋਜਾਂ ਤੋਂ ਗਿਲੋਅ ਦੀ ਵਿਗਿਆਨਕਤਾ ਸਿੱਧ ਹੋ ਚੁੱਕੀ ਹੈ। ਮਾਤਾ ਅਤੇ ਸ਼ਿਸ਼ੂ ਦੇਖਭਾਲ ਲਈ ਗਿਲੋਅ ਬਹੁਤ ਉਪਯੋਗੀ ਸਿੱਧ ਹੋਈ ਹੈ। ਗਰਭਅਵਸਥਾ ਦੌਰਾਨ ਬੁਖਾਰ ਵਿਚ ਇਸ ਦਾ ਕਾੜ੍ਹਾ ਹਰ ਰੋਜ਼ ਦੋ ਵਾਰ ਪੀਣ ਨਾਲ ਬੁਖਾਰ ਸ਼ਾਂਤ ਹੋ ਜਾਂਦਾ ਹੈ। ਇਸੇ ਦੌਰਾਨ ਭੁੱਖ ਘੱਟ ਲੱਗਣਾ, ਜੋੜਾਂ ਦੇ ਦਰਦ ਵਿਚ ਅਦਰਕ ਦੇ ਨਾਲ ਬਣਾਇਆ ਕਾੜ੍ਹਾ ਲਾਭਕਾਰੀ ਹੁੰਦਾ ਹੈ। ਬੱਚਿਆਂ ਨੂੰ ਪੀਲੀਆ ਹੋਣ 'ਤੇ ਗਿਲੋਅ, ਅੰਗੂਰ ਤੇ ਗੰਨੇ ਦਾ ਰਸ ਪਿਲਾਉਣਾ ਇਕ ਲਾਭਕਾਰੀ ਦਵਾਈ ਸਿੱਧ ਹੋਈ ਹੈ।

ਇਸ ਦੀਆਂ ਜੜ੍ਹਾਂ ਉਲਟੀ ਲਿਆਉਣ ਵਾਲੀਆਂ ਹੁੰਦੀਆਂ ਹਨ। ਕਾੜ੍ਹੇ ਵਿਚ ਇਸ ਦੀ ਜੜ੍ਹ ਬਹੁਤ ਪ੍ਰਭਾਵੀ ਸਿੱਧ ਹੋਈ ਹੈ। ਗਿਲੋਅ ਦੀ ਵੇਲ ਦੇ ਰਸ ਦੀ ਸਧਾਰਨ ਮਾਤਰਾ 5 ਮਿ. ਲੀ. ਦਿਨ ਵਿਚ 2 ਵਾਰ ਵਰਤੋਂ ਕੀਤੀ ਜਾਂਦੀ ਹੈ। ਸ਼ਾਸਤਰਾਂ ਵਿਚ ਵਰਣਨ ਅਨੁਸਾਰ ਨਿੰਮ ਦੇ ਦਰੱਖਤ 'ਤੇ ਚੜ੍ਹੀ ਗਿਲੋਅ ਬਹੁਤ ਗੁਣਾਂ ਨਾਲ ਭਰਪੂਰ ਹੁੰਦੀ ਹੈ। ਅੰਗਰੇਜ਼ੀ ਦਵਾਈਆਂ ਦੇ ਦੀ ਵਰਤੋਂ ਤੋਂ ਪਹਿਲਾਂ ਮਨੁੱਖ ਇਨ੍ਹਾਂ ਜੜ੍ਹੀਆਂ ਬੂਟੀਆਂ ਦੇ ਸਹਾਰੇ ਜੀਵਨ ਬਤੀਤ ਕਰਦਾ ਸੀ।

- ਅਰੁਣ ਚੰਦਨ



**ਘਰੇਲੂ ਬਗੀਚੀ ਦਾ ਮਹੱਤਵ ਸਿਰਫ ਜ਼ਹਿਰ ਮੁਕਤ ਸਬਜ਼ੀਆਂ ਉਗਾਉਣ ਤੱਕ ਹੀ ਸੀਮਿਤ ਨਹੀਂ ਹੈ, ਬਲਕਿ ਉਸ ਤੋਂ ਕਿਤੇ ਵੱਧ ਹੈ। ਇਹ ਨਾਲ ਸਿਰਫ ਸਾਨੂੰ ਜ਼ਹਿਰ ਮੁਕਤ ਸਬਜ਼ੀਆਂ ਦਿੰਦੀ ਹੈ, ਬਲਕਿ ਸਾਨੂੰ ਅਤੇ ਸਾਡੇ ਬੱਚਿਆਂ ਨੂੰ ਉਸ ਕੁਦਰਤ ਨਾਲ ਵੀ ਜੋੜਦੀ ਹੈ, ਜਿਸ ਨਾਲ ਕਦੇ ਸਾਡਾ ਮਾਂ-ਪੁੱਤ ਵਾਲਾ ਰਿਸ਼ਤਾ ਹੁੰਦਾ ਸੀ। ਘਰੇਲੂ ਬਗੀਚੀ ਦੀ ਲੋੜ ਕਿਉਂ? ਸਿਹਤ ਵਰਧਕ, ਨਿਰਮਲ ਖੁਰਾਕ ਸਾਡਾ ਸਭ ਦਾ ਕੁਦਰਤੀ ਅਧਿਕਾਰ ਹੈ।**

# ਆਓ ! ਜ਼ਹਿਰ ਮੁਕਤ ਘਰੇਲੂ ਬਗੀਚੀ ਬਣਾਈਏ !

ਸੰਦੀਪ ਕੰਬੋਜ, ਕੋਲੂ ਕਾ ਮੋੜ, ਤਹਿਸੀਲ ਗੁਰੂ ਹਰਸਹਾਏ,
ਜ਼ਿਲ੍ਹਾ ਫਿਰੋਜ਼ਪੁਰ। ਮੋ. 97810-00909

ਘਰੇਲੂ ਬਗੀਚੀ ਵਿੱਚ ਜਾਂ ਘਰ ਦੇ ਨੇੜੇ ਦੀ ਉਸ ਜਗ੍ਹਾ ਨੂੰ ਕਿਹਾ ਜਾਂਦਾ ਹੈ, ਜਿੱਥੇ ਪਰਿਵਾਰ ਦੀ ਲੋੜ ਅਨੁਸਾਰ ਰਸਾਇਣਕ ਖਾਦਾਂ ਅਤੇ ਕੀੜੇਮਾਰ ਜ਼ਹਿਰਾਂ ਤੋਂ ਰਹਿਤ ਵੱਖ-ਵੱਖ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ, ਜੜ੍ਹੀ-ਬੂਟੀਆਂ ਅਤੇ ਕਈ ਵਾਰ ਕੁਝ ਫਲ ਉਗਾਏ ਜਾਂਦੇ ਹਨ ।

ਘਰੇਲੂ ਬਗੀਚੀ ਦਾ ਮਹੱਤਵ ਸਿਰਫ ਜ਼ਹਿਰ ਮੁਕਤ ਸਬਜ਼ੀਆਂ ਉਗਾਉਣ ਤੱਕ ਹੀ ਸੀਮਿਤ ਨਹੀਂ ਹੈ, ਬਲਕਿ ਉਸ ਤੋਂ ਕਿਤੇ ਵੱਧ ਹੈ । ਇਹ ਨਾਲ ਸਿਰਫ ਸਾਨੂੰ ਜ਼ਹਿਰ ਮੁਕਤ ਸਬਜ਼ੀਆਂ ਦਿੰਦੀ ਹੈ, ਬਲਕਿ ਸਾਨੂੰ ਅਤੇ ਸਾਡੇ ਬੱਚਿਆਂ ਨੂੰ ਉਸ ਕੁਦਰਤ ਨਾਲ ਵੀ ਜੋੜਦੀ ਹੈ, ਜਿਸ ਨਾਲ ਕਦੇ ਸਾਡਾ ਮਾਂ-



ਪੁੱਤ ਵਾਲਾ ਰਿਸ਼ਤਾ ਹੁੰਦਾ ਸੀ । ਘਰੇਲੂ ਬਗੀਚੀ ਦੀ ਲੋੜ ਕਿਉਂ ? ਸਿਹਤ ਵਰਧਕ, ਨਿਰਮਲ ਖੁਰਾਕ ਸਾਡਾ ਸਭ ਦਾ ਕੁਦਰਤੀ ਅਧਿਕਾਰ ਹੈ । ਪਰੰਤੂ ਵਰਤਮਾਨ ਸਮੇਂ ਰਸਾਇਣਕ ਖਾਦਾਂ, ਨਦੀਨਨਾਸ਼ਕ ਅਤੇ ਕੀੜੇਮਾਰ ਜ਼ਹਿਰਾਂ ਨਾਲ ਪਲੀਤ ਜਿਹੜੀ ਖੁਰਾਕ ਅਸੀਂ ਖਾ ਰਹੇ ਹਾਂ, ਖਾਸ ਕਰਕੇ ਸਬਜ਼ੀਆਂ ! ਉਹਦੇ ਕਾਰਨ ਸਾਡੀ ਸਿਹਤ ਦਿਨੋਂ-ਦਿਨ ਨਿੱਘਰਦੀ ਜਾ ਰਹੀ ਹੈ । ਸਾਡੀ ਰੋਗ ਪ੍ਰਤੀਰੋਧੀ ਸ਼ਕਤੀ ਦਾ ਤੇਜ਼ੀ ਨਾਲ ਪਤਨ ਹੋ ਰਿਹਾ ਹੈ । ਨਤੀਜੇ ਵਜੋਂ ਜਿੱਥੇ ਇਕ ਪਾਸੇ ਸਮੂਹ ਪੰਜਾਬੀ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਜਾ ਰਹੇ ਨੇ, ਉੱਥੇ ਹੀ ਪ੍ਰਜਨਣ ਸਿਹਤ ਅਰਥਾਤ ਬੱਚੇ ਜਨਣ ਦੀ ਸਮਰੱਥਾ ਵੀ ਸਾਡੀ ਖੁਰਾਕੀ ਲੜੀ ਵਿੱਚ ਘੁਸਪੈਠ ਕਰ ਚੁੱਕੇ ਜ਼ਹਿਰਾਂ ਕਾਰਨ ਬੁਰੀ ਤਰ੍ਹਾਂ ਤਬਾਹ ਹੋ ਰਹੀ ਹੈ । ਪੰਜਾਬ ਮੰਦਬੁੱਧੀ ਅਤੇ ਜਮਾਂਦਰੂ ਅਪਾਹਜ ਬੱਚਿਆਂ ਦਾ ਸੂਬਾ ਬਣਦਾ ਜਾ ਰਿਹਾ ਹੈ । ਔਰਤਾਂ ਵਿੱਚ ਬਿਨ੍ਹਾਂ ਦਵਾਈਆਂ ਤੋਂ ਗਰਭ ਨਹੀਂ ਠਹਿਰਦੇ ਅਤੇ ਜੇ ਦਵਾਈਆਂ ਨਾਲ ਠਹਿਰ ਵੀ ਜਾਂਦੇ ਹਨ ਤਾਂ ਉਹ ਸਿਰੇ ਵੀ ਦਵਾਈਆਂ ਨਾਲ ਹੀ ਲੱਗਦੇ ਹਨ । ਇੱਥੇ ਹੀ ਬਸ ਨਹੀਂ, ਅੱਜ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਛਿਮਾਹੇ, ਸਤਮਾਹੇ ਅਤੇ ਅਠਮਾਹੇ ਬੱਚਿਆਂ ਦਾ ਜਨਮ ਹੋ ਰਿਹਾ ਹੈ । ਜਿਨ੍ਹਾਂ ਵਿੱਚੋਂ ਬਹੁਤੇ ਜਨਮ ਉਪਰੰਤ ਤੁਰੰਤ ਕਾਲ ਦਾ ਗ੍ਰਾਸ ਬਣ ਜਾਂਦੇ ਹਨ । ਇੱਥੇ ਇਹ ਜ਼ਿਕਰਯੋਗ ਹੈ ਕਿ ਅਸੀਂ ਬਜ਼ਾਰੂ ਸਬਜ਼ੀਆਂ ਰਾਹੀਂ ਸਭ ਤੋਂ ਵੱਧ ਮਾਤਰਾ ਵਿੱਚ ਜ਼ਹਿਰ ਦਾ ਸੇਵਨ ਕਰ ਰਹੇ ਹਾਂ । ਜਿਹੜਾ ਕਿ ਅੱਗੇ ਚੱਲ ਕੇ ਸਾਡੀ ਸਿਹਤ, ਸਾਡੀ ਅਤੇ ਸਾਡੇ ਬੱਚਿਆਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਦਾ ਹੈ । ਇਹ ਹੀ ਕਾਰਨ ਹੈ ਕਿ ਸਾਨੂੰ ਸਭ ਨੂੰ ਆਪਣੇ ਲਈ ਸੁਰੱਖਿਅਤ ਅਤੇ ਨਿਰਮਲ ਖੁਰਾਕ ਜੁਟਾਉਣ ਵਾਸਤੇ ਘਰ-ਘਰ ਵਿੱਚ ਘਰੇਲੂ ਬਗੀਚੀਆਂ ਬਣਾਉਣ ਦੀ ਲੋੜ ਹੈ ਅਤੇ ਇਹ ਹੀ ਸਮੇਂ ਦੀ ਮੰਗ ਵੀ ਹੈ ।

## ਜ਼ਮੀਨ ਦੀ ਤਿਆਰੀ

ਸਭ ਤੋਂ ਪਹਿਲਾਂ 30 ਤੋਂ 40 ਸੈਂਟੀਮੀਟਰ ਤੱਕ ਦੀ ਗੁਡਾਈ ਕਰੋ । ਰੋੜੇ, ਝਾੜੀਆਂ ਅਤੇ ਨਦੀਨ ਆਦਿ ਕੱਢ ਕੇ ਜਗ੍ਹਾ ਨੂੰ ਸਾਫ ਕਰੋ । ਹੁਣ ਘਰੇਲੂ ਬਗੀਚੀ ਲਈ ਚੁਣੇ ਗਏ ਥਾਂ ਨੂੰ ਨਮੀਂ ਦੇਣ ਲਈ ਇਸ ਵਿੱਚ ਪਾਣੀ ਭਰ ਦਿਉ । ਜਦੋਂ ਪਾਣੀ ਵੱਤਰ ਆ ਜਾਵੇ ਤਾਂ ਇਕ ਵਾਰ ਫਿਰ ਕਹੀ ਨਾਲ ਮਿੱਟੀ ਨੂੰ ਪਲਟ ਕੇ ਇਸ ਵਿੱਚ 100 ਕਿਲੋ ਰੂੜ੍ਹੀ ਦੀ ਖਾਦ ਜਾਂ ਗੁੜ ਜਲ ਅੰਮ੍ਰਿਤ ਕੰਪੋਸਟ ਚੰਗੀ ਤਰ੍ਹਾਂ ਰਲਾ ਕੇ ਜਗ੍ਹਾ ਨੂੰ ਸਮਤਲ ਕਰ ਦਿਓ । ਹੁਣ ਇਸ ਪੱਧਰੀ ਜਗ੍ਹਾ ਵਿੱਚ 45 ਤੋਂ 60 ਸੈ. ਮੀ. ਦੀ ਦੂਰੀ ਰੱਖ ਕੇ ਵੱਟਾਂ ਅਤੇ ਖਾਲੀਆਂ ਪਾਉ ।''

## ਆਓ ਘਰੇਲੂ ਬਗੀਚੀ ਬਣਾਈਏ

ਉਪਰ ਦਿੱਤੇ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਨੂੰ ਆਪਣੇ ਵਿਹੜੇ ਜਾਂ ਘਰ ਵਿੱਚ ਉਪਲਬਧ ਜਗ੍ਹਾ ਨੂੰ ਘਰੇਲੂ ਬਗੀਚੀ ਵਜੋਂ ਵਿਕਸਿਤ ਕਰਕੇ ਤਾਜ਼ੇ ਪਾਣੀ ਤੇ ਨਾਲ-ਨਾਲ ਰਸੋਈ ਦੇ ਅਣਉਪਯੋਗੀ ਪਾਣੀ ਨੂੰ ਵਰਤ ਕੇ ਆਪਣੀ ਜ਼ਰੂਰਤ ਦੀਆਂ ਸਬਜ਼ੀਆਂ ਉਗਾਉਣ ਦੀ ਯੋਜਨਾ ਬਣਾਉਣੀ ਚਾਹੀਦੀ ਹੈ । ਘਰੇਲੂ ਬਗੀਚੀ ਅੱਗੇ ਚੱਲ ਕੇ ਵਾਤਾਵਰਣ ਪ੍ਰਦੂਸ਼ਣ ਦਾ ਜ਼ਰੀਆ ਬਣਨ ਵਾਲੇ ਅਣਉਪਯੋਗੀ ਪਾਣੀ ਨੂੰ ਵਰਤਣ ਦਾ ਸਹੀ ਢੰਗ ਹੋ ਸਕਦੀ ਹੈ । ਛੋਟੇ ਖੇਤਰ ਵਿੱਚ ਉਗਾਈਆਂ ਗਈਆਂ ਸਬਜ਼ੀਆਂ ਨੂੰ ਕੁਝ ਘਰੇਲੂ ਪਰ ਕੁਦਰਤੀ ਸਾਧਨ ਵਰਤ ਕੇ ਕੀਟਾਂ ਤੋਂ ਵੀ ਬੜੀ ਆਸਾਨੀ ਨਾਲ ਬਚਾਇਆ ਜਾ ਸਕਦਾ ਹੈ । ਸੋ, ਘਰੇਲੂ ਬਾੜੀ ਸਦਕੇ ਸਾਨੂੰ ਉੱਤਮ ਦਰਜੇ ਦੀਆਂ ਜ਼ਹਿਰ ਅਤੇ ਰਸਾਇਣ ਮੁਕਤ ਸਬਜ਼ੀਆਂ ਆਸਾਨੀ ਨਾਲ ਉਪਲਭਧ ਹੋ ਸਕਦੀਆਂ ਹਨ ।

## ਜਗ੍ਹਾ ਦੀ ਚੋਣ ਅਤੇ ਆਕਾਰ

ਘਰੇਲੂ ਬਗੀਚੀ ਲਈ ਪਿੰਡਾਂ ਵਿੱਚ ਘਰ ਦੇ ਵਿਹੜੇ ਜਾਂ ਵਾੜੇ ਨੂੰ ਚੁਣਿਆ ਜਾਂਦਾ ਹੈ । ਇਹ ਜ਼ਿਆਦਾ ਸੁਵਿਧਾਪੂਰਨ ਵੀ ਹੈ, ਕਿਉਂਕਿ ਪਰਿਵਾਰ ਦੇ ਮੈਂਬਰ ਸਬਜ਼ੀਆਂ ਵੱਲ ਲੋੜੀਂਦਾ ਧਿਆਨ ਦੇ ਸਕਦੇ ਹਨ ਅਤੇ ਘਰ ਦੀ ਰਸੋਈ ਦਾ ਫਾਲਤੂ ਪਾਣੀ ਵੀ ਸਬਜ਼ੀਆਂ ਲਈ ਵਰਤਿਆ ਜਾ ਸਕਦਾ ਹੈ । ਘਰੇਲੂ ਬਗੀਚੀ ਦਾ ਆਕਾਰ ਉਪਲਬਧ ਜਗ੍ਹਾ ਤੇ ਅਤੇ ਪਰਿਵਾਰ ਦੇ ਮੈਂਬਰਾਂ ਦੀ ਸੰਖਿਆ 'ਤੇ ਨਿਰਭਰ ਕਰਦਾ ਹੈ । ਸੋ, ਬਗੀਚੀ ਦਾ ਆਕਾਰ ਸਬੰਧੀ ਕੋਈ ਨਿਰਧਾਰਤ ਮਾਨਦੰਡ ਨਹੀਂ ਹਨ । ਫਿਰ ਵੀ ਤਿੰਨ-ਚਾਰ ਮਰਲੇ ਜਗ੍ਹਾ ਪੰਜ-ਛੇ ਮੈਂਬਰਾਂ ਵਾਲੇ ਪਰਿਵਾਰ ਦੀਆਂ ਸਬਜ਼ੀ ਸਬੰਧੀ ਲਗਭਗ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਾਫੀ ਹੈ ।

## ਜਾਨਦਾਰ ਬੀਜ ਦੀ ਚੋਣ

ਘਰੇਲੂ ਬਗੀਚੀ ਵਿੱਚ ਸਬਜ਼ੀਆਂ ਆਦਿ ਦੀ ਬਿਜਾਈ ਕਰਦੇ ਸਮੇਂ ਇਸ ਗੱਲ ਦਾ ਖਾਸ ਖਿਆਲ ਰੱਖੋ ਕਿ ਬਿਜਾਈ ਲਈ ਵਰਤੇ ਜਾਣ ਵਾਲੇ ਸਾਰੇ ਜਾਨਦਾਰ ਅਤੇ ਪੋਸ਼ਣ ਅਤੇ ਰੋਗ ਪ੍ਰਤੀਰੋਗੀ ਤਾਕਤ ਆਦਿ ਪੱਖੋਂ ਉੱਚ ਗੁਣਵੱਤਾ ਵਾਲੇ ਹੋਣ । ਜਿੱਥੋਂ ਤੱਕ ਸੰਭਵ ਹੋਵੇ ਦੇਸੀ ਜਾਂ ਸੁਧਰੇ ਬੀਜ ਹੀ ਵਰਤੋ, ਹਾਈਬ੍ਰਿਡ ਬੀਜਾਂ ਨੂੰ ਪਹਿਲ ਨਾ ਦਿਓ । ਕਿਉਂਕਿ ਹਾਈਬ੍ਰਿਡ ਬੀਜ ਆਮ ਦੇ ਮੁਕਾਬਲੇ ਵਧੇਰੇ ਖਾਦ ਅਤੇ ਪਾਣੀ ਦੀ ਮੰਗ ਕਰਦੇ ਹਨ । ਸੋ, ਬੀਜਾਂ ਦੀ ਚੋਣ ਕਰਦੇ ਸਮੇਂ ਦੇਸੀ ਜਾਂ ਸੁਧਰੇ ਬੀਜਾਂ ਨੂੰ ਪਹਿਲ ਦਿਓ ਅਤੇ ਚੁਣੇਹੋਏ ਬੀਜਾਂ ਵਿੱਚ ਕਮਜ਼ੋਰ ਖੋਖਲੇ ਅਤੇ ਟੁੱਟੇ-ਫੁੱਟੇ ਬੀਜਾਂ ਨੂੰ ਬਾਹਰ ਕੱਢ ਦਿਉ ।

## ਬੀਜ ਸੰਸਕਾਰ

ਘਰੇਲੂ ਬਗੀਚੀ ਵਿੱਚ ਬੀਜ ਸੰਸਕਾਰ ਦਾ ਮਹੱਤਵ ਹੈ । ਬੀਜ ਸੰਸਕਾਰ ਕਰਕੇ ਬੀਜਾਂ ਨੂੰ ਵਾਇਰਸ ਅਤੇ ਰੋਗ ਰਹਿਤ ਕੀਤਾ ਜਾਂਦਾ ਹੈ । ਬੀਜ ਸੰਸਕਾਰ ਕਰਨ ਲਈ ਹਿੰਗ ਮਿਲੇ ਕੱਚੇ ਦੁੱਧ ਦੀ ਵਰਤੋਂ ਕਰੋ ।

## ਵਿਧੀ

ਬੀਜਾਂ ਦੀ ਮਾਤਰਾ ਅਨੁਸਾਰ 100 ਤੋਂ 250 ਗ੍ਰਾਮ ਕੱਚੇ ਦੁੱਧ ਵਿੱਚ 10-20 ਗ੍ਰਾਮ ਹਿੰਗ ਮਿਲਾ ਕੇ 10 ਮਿੰਟ ਲਈ ਰੱਖੋ । ਬੀਜ ਅੰਮ੍ਰਿਤ ਤਿਆਰ ਹੈ । ਹੁਣ ਬੀਜਾਂ ਉੱਤੇ ਇਸ ਘੋਲ ਦਾ ਛਿੜਕਾਅ ਕਰਕੇ ਹੱਥਾਂ ਨਾਲ ਪੋਲਾ-ਪੋਲਾ ਮਲਦੇ ਹੋਏ ਪਤਲਾ ਲੇਪ ਕਰ ਦਿਓ । ਬੀਜ ਅੰਮ੍ਰਿਤ ਦਾ ਲੇਪ ਚੜ੍ਹੇ ਹੋਏ ਬੀਜਾਂ ਨੂੰ ਛਾਵੇਂ ਸੁਕਾ ਕੇ ਬਿਜਾਈ ਕਰ ਦਿਓ । ਇਸ ਮਿਸ਼ਰਣ ਨਾਲ ਸੋਧ ਕੇ ਬੀਜੇ ਗਏ ਬੀਜਾਂ ਤੋਂ ਉੱਗੇ ਪੌਦਿਆਂ ਨੂੰ ਸਿਉਂਕ ਨਹੀਂ ਲੱਗੇਗੀ ਅਤੇ ਜੜ੍ਹਾਂ ਨੂੰ ਹਾਨੀ ਪਹੁੰਚਾਉਣ ਵਾਲੀਆਂ ਉੱਲ੍ਹੀਆਂ ਤੋਂ ਬਚਾਅ ਹੁੰਦਾ ਹੈ ।

ਘਰੇਲੂ ਬਗੀਚੀ ਵਿੱਚ ਹੇਠ ਦਿੱਤੀਆਂ ਸਰਦੀਆਂ ਦੀਆਂ ਸਬਜ਼ੀਆਂ ਦੀ ਬਿਜਾਈ ਕੀਤੀ ਜਾ ਸਕਦੀ ਹੈ : ਪਾਲਕ, ਮੇਥੇ, ਧਨੀਆ, ਮੂਲੀ, ਗਾਜਰ, ਸੁੱਕੀ ਪਨੀਰੀ ਵਾਲਾ ਪਿਆਜ਼, ਸ਼ਲਗਮ, ਫੁੱਲ ਗੋਭੀ, ਬੰਦ ਗੋਭੀ, ਗੰਢ ਗੋਭੀ, ਮਟਰ, ਛੋਲੇ, ਮੇਥੀ, ਆਲੂ, ਲਸਣ, ਪਿਆਜ਼, ਸੌਂਫ, ਹਾਲੋਂ, ਅਲਸੀ, ਸਰ੍ਹੋਂ, ਮਸਰ ਆਦਿ ।

## ਬਿਜਾਈ ਦਾ ਢੰਗ

ਹੇਠਾਂ ਦੱਸੇ ਅਨੁਸਾਰ ਬਿਜਾਈ ਕਰੋ :

★ ਕੁਝ ਬੀਜ ਜਿਵੇਂ ਪਾਲਕ, ਮੇਥੇ ਅਤੇ ਸਰ੍ਹੋਂ ਛਿੱਟੇ ਨਾਲ ਲੱਗਦੇ ਹਨ । ਅਜਿਹੇ ਬੀਜਾਂ ਨੂੰ ਖੁਸ਼ਕ ਕਿਆਰੀਆਂ ਵਿੱਚ ਲਗਾ ਕੇ ਪਾਣੀ ਦਿਉ ।

★ ਕੁਝ ਬੀਜ ਜਿਵੇਂ ਮੂਲੀ, ਗਾਜਰਾਂ ਅਤੇ ਮਟਰ ਚੁਟਕੀ ਨਾਲ ਲੱਗਦੇ ਹਨ । ਅਜਿਹੇ ਬੀਜਾਂ ਨੂੰ ਕਿਆਰੀਆਂ ਵੱਤਰ ਕਰਕੇ ਫਿਰ ਚੁਟਕੀ ਨਾਲ ਲਗਾਓ ।

★ ਗੋਭੀ ਅਤੇ ਪਿਆਜ਼ ਦੀ ਪਨੀਰੀ ਤਿਆਰ ਕਰਕੇ ਵੱਟਾਂ ਉੱਪਰ ਲਗਾਓ । ਪਿਆਜ਼, ਪੁਦੀਨਾ ਅਤੇ ਧਨੀਆ ਵੱਟਾਂ ਦੇ ਨਾਲ-ਨਾਲ ਲਗਾਏ ਜਾ ਸਕਦੇ ਹਨ ।

## ਸਹਿਜੀਵੀ ਫਸਲ ਪ੍ਰਣਾਲੀ ਅਪਣਾਓ

ਘਰੇਲੂ ਬਗੀਚੀ ਹਮੇਸ਼ਾਂ ਸਹਿਜੀਵੀ ਫਸਲ ਪ੍ਰਣਾਲੀ 'ਤੇ ਆਧਾਰਿਤ ਹੋਣੀ ਚਾਹੀਦੀ ਹੈ । ਸਹਿਜੀਵੀ ਫਸਲ ਪ੍ਰਣਾਲੀ ਵਿੱਚ ਮੁੱਖ ਫਸਲ ਦੇ ਨਾਲ ਕੁਝ ਅਜਿਹੀਆਂ ਫਸਲਾਂ ਜਾਂ ਪੌਦੇ ਲਾਏ ਜਾਂਦੇ ਹਨ ਜਿਹੜੇ ਕਿ ਮੁੱਖ ਫਸਲ ਨੂੰ ਤੰਦਰੁਸਤੀ ਬਖਸ਼ਦੇ ਹੋਏ ਉਸਦੇ ਵਾਧੇ ਤੇ ਵਿਕਾਸ ਵਿੱਚ ਮਦਦ ਕਰਦੇ ਹਨ, ਉਸ ਨੂੰ ਕੀਟਾਂ ਤੋਂ ਬਚਾਉਂਦੇ ਹਨ । ਸੋ ਘਰੇਲੂ ਬਗੀਚੀ ਨੂੰ ਰੋਗਾਂ ਅਤੇ ਕੀੜਿਆਂ ਤੋਂ ਬਚਾਉਣ ਲਈ ਹੇਠ ਲਿਖੇ



ਅਨੁਸਾਰ ਕੁਝ ਸਹਾਇਕ ਪੌਦਿਆਂ ਨੂੰ ਬਗੀਚੀ ਵਿੱਚ ਜ਼ਰੂਰ ਲਗਾਉਣਾ ਚਾਹੀਦਾ ਹੈ ।

**ਤੁਲਸੀ** : ਇਹ ਟਮਾਟਰ ਦਾ ਸਵਾਦ ਵਧਾਉਂਦੀ ਹੈ ਅਤੇ ਨਾਲ ਹੀ ਉਸ ਨੂੰ ਰੋਗਾਂ ਅਤੇ ਕੀੜਿਆਂ ਤੋਂ ਬਚਾਉਂਦੀ ਹੈ ।

**ਲਸਣ** : ਇਹ ਚੇਪੇ ਨੂੰ ਕਾਬੂ ਕਰਦਾ ਹੈ ਅਤੇ ਟਮਾਟਰ ਦੀਆਂ ਸੁੰਡੀਆਂ ਨੂੰ ਵੀ ਕੰਟਰੋਲ ਕਰਨ ਵਿੱਚ ਸਹਾਇਕ ਹੈ ।

**ਅਜਵਾਇਣ** : ਜੇ ਇਸ ਨੂੰ ਬੰਦ ਗੋਭੀ ਦੇ ਨੇੜੇ ਬੀਜਿਆ ਜਾਵੇ ਤਾਂ ਇਹ ਬੰਦ ਗੋਭੀ ਨੂੰ ਚਿੱਟੀ ਮੱਖੀ ਅਤੇ ਬੰਦ ਗੋਭੀ ਦੇ ਕੀੜੇ ਤੋਂ ਬਚਾਉਂਦੀ ਹੈ । ਅਜਵਾਇਣ ਮਧੂ ਮੱਖੀਆਂ ਨੂੰ ਟਮਾਟਰ, ਆਲੂ ਅਤੇ ਬੈਂਗਣ ਵੱਲ ਆਕਰਸ਼ਿਤ ਕਰਦੀ ਹੈ । ਜਿਸ ਨਾਲ ਪਰਾਗਣ ਵਿੱਚ ਮੱਦਦ ਮਿਲਦੀ ਹੈ ।

**ਗੇਂਦਾ** : ਜੜ੍ਹ ਵਿੱਚੋਂ ਇਕ ਤਰਲ ਪੈਦਾ ਕਰਦਾ ਹੈ ਜੋ ਕਿ ਜੜ੍ਹਾਂ ਨੂੰ ਖਾਣ ਵਾਲੇ ਕੀੜਿਆਂ ਨੂੰ ਨਸ਼ਟ ਕਰਦਾ ਹੈ । ਇਹ ਅਮਰੀਕਨ ਸੁੰਡੀ ਨੂੰ ਵੀ ਰੋਕਣ ਵਿੱਚ ਮਦਦ ਕਰਦਾ ਹੈ ।

# ਸਰ੍ਹੋਂ ਉਤਪਾਦਨ ਲਈ ਉੱਨਤ ਤਕਨੀਕਾਂ

ਵੀਰੇਂਦਰ ਸਰਦਾਨਾ, ਗੁਰਪ੍ਰੀਤ ਕੌਰ ਅਤੇ ਇੰਦੂ ਰਿਆਲਚ, ਤੇਲ ਬੀਜ ਸੈਕਸ਼ਨ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94637-47125)

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਸਰ੍ਹੋਂ ਦੀਆਂ ਅਜਿਹੀਆਂ ਕਿਸਮਾਂ ਵਿਕਸਤ ਕੀਤੀਆਂ ਹਨ ਜਿਨ੍ਹਾਂ ਦੇ ਤੇਲ ਵਿਚ ਇਰੂਸਿਕ ਅਮਲ ਦੀ ਮਾਤਰਾ 2% ਤੋਂ ਘੱਟ ਅਤੇ ਖੱਲਵਿਚ ਕਲੂਕੋਸਿਨੋਲੇਟਸ ਦੀ ਮਾਤਰਾ 30 ਮਾਈਕਰੋ ਮੋਲਜ ਪ੍ਰਤੀ ਗ੍ਰਾਮ ਖਲ ਤੋਂ ਵੀ ਘੱਟ ਹੁੰਦੀ ਹੈ। ਅਜਿਹੀਆਂ ਕਿਸਮਾਂ ਨੂੰ ਕਨੋਲਾ ਕਿਸਮਾਂ ਜਾਂ ਡਬਲ ਜ਼ੀਰੋ ਕਿਸਮਾਂ ਦਾ ਨਾਂ ਦਿੱਤਾ ਗਿਆ ਹੈ। ਕਨੌਲਾ ਸਰ੍ਹੋਂ ਦੇ ਤੇਲ ਵਿਚ ਓਮੇਗਾ 9 (ਔਲਿਕ ਅਮਲ) ਦੀ ਮਾਤਰਾ (60-65%) ਅਤੇ ਕਨੌਲਾ ਰਾਇਆ ਦੇ ਤੇਲ ਵਿਚ ਲਗਭਗ 45% ਹੁੰਦੀ ਹੈ। ਵੱਧ ਔਲਿਕ ਅਮਲ ਦੀ ਮਾਤਰਾ ਵਾਲਾ ਤੇਲ ਸਰੀਰ ਵਿਚੋਂ ਮਾੜੇ ਕੋਲੇਸਟ੍ਰੋਲ ਦੀ ਮਾਤਰਾ ਘਟਾਉਂਦਾ ਹੈ, ਵੱਧ ਤਾਪਮਾਨ ਅਤੇ ਤਲਣ ਲਈ ਦੁਬਾਰਾ ਵਰਤਿਆ ਜਾ ਸਕਦਾ ਹੈ ਅਤੇ ਛੇਤੀ ਖਰਾਬ ਨਹੀਂ ਹੁੰਦਾ।

**ਖੇਤ ਦੀ ਚੋਣ ਅਤੇ ਤਿਆਰੀ** : ਕੱਲਰ ਜ਼ਮੀਨ ਅਤੇ ਜਿੱਥੇ ਪਾਣੀ ਦੇ ਨਿਕਾਸ ਦੀ ਸਮੱਸਿਆ ਹੋਵੇ, ਨੂੰ ਛੱਡ ਕੇ ਗੋਭੀ ਸਰ੍ਹੋਂ ਅਤੇ ਰਾਇਆ ਦੀ ਕਾਸ਼ਤ ਹਰ ਪ੍ਰਕਾਰ ਦੀ ਜ਼ਮੀਨ ਵਿਚ ਕਾਮਯਾਬੀ ਨਾਲ ਕੀਤੀ ਜਾ ਸਕਦੀ ਹੈ। ਮੈਰਾ ਅਤੇ ਦਰਮਿਆਨੀਆਂ-ਭਾਰੀਆਂ ਜ਼ਮੀਨਾਂ ਇਨ੍ਹਾਂ ਫਸਲਾਂ ਦੀ ਕਾਸ਼ਤ ਲਈ ਵਧੇਰੇ ਢੁੱਕਵੀਆਂ ਹਨ। ਇਨ੍ਹਾਂ ਫਸਲਾਂ ਦੇ ਬੀਜ ਛੋਟੇ ਹੁੰਦੇ ਹਨ ਜਿਨ੍ਹਾਂ ਦੇ ਆਸਾਨੀ ਨਾਲ ਅਤੇ ਇਕਸਾਰ ਜੰਮ ਲਈ ਖੇਤੀ ਨੂੰ ਚੰਗੀ ਤਰ੍ਹਾਂ ਤਿਆਰ ਕੀਤਾ ਜਾਣਾ ਚਾਹੀਦਾ ਹੈ। ਪਿਛਲੀ ਫਸਲ ਦੀ ਜੜ੍ਹਾਂ ਅਤੇ ਰਹਿੰਦ ਖੂੰਹਦ ਅਤੇ ਨਦੀਨਾਂ ਦੀ ਪੁਟਾਈ ਲਈ ਪਹਿਲੀ ਵਾਹੀ ਪਲਟਾਵੇਂ ਹਲ ਨਾਲ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਉਪਰੰਤ ਮੈਰਾ ਅਤੇ ਦਰਮਿਆਨੀਆਂ ਭਾਰੀਆਂ ਜ਼ਮੀਨਾਂ ਨੂੰ 2-3 ਵਾਹੀਆਂ ਦੇਸੀ ਹਲ ਜਾਂ ਕਲਟੀਵੇਟਰ ਨਾਲ ਕਰ ਕੇ ਅਤੇ ਹਰ ਵਾਹੀ ਤੋਂ ਬਾਅਦ ਸੁਹਾਗਾ ਫੇਰ ਕੇ ਬਿਜਾਈ ਯੋਗ ਖੇਤ ਤਿਆਰ ਕੀਤਾ ਜਾ ਸਕਦਾ ਹੈ।

**ਬਿਜਾਈ ਦਾ ਢੁੱਕਵਾਂ ਸਮਾਂ** : ਬਿਜਾਈ ਲਈ ਢੁੱਕਵਾਂ ਤਾਪਮਾਨ 21-25 ਡਿਗਰੀ ਸੈਂਟੀਗ੍ਰੇਡ ਹੈ। ਪੰਜਾਬ ਵਿੱਚ ਗੋਭੀ ਸਰ੍ਹੋਂ ਦੀ ਬਿਜਾਈ ਦਾ ਢੁੱਕਵਾਂ ਸਮਾਂ ਅਕਤੂਬਰ ਦੇ ਦੂਜੇ ਹਫਤੇ ਤੋਂ ਅਖੀਰ ਅਕਤੂਬਰ ਤੱਕ ਹੈ ਜਦ ਕਿ ਰਾਇਆ ਦੀ ਬਿਜਾਈ ਦਾ ਢੁੱਕਵਾਂ ਸਮਾਂ ਅੱਧ ਅਕਤੂਬਰ ਤੋਂ ਅੱਧ ਨਵੰਬਰ ਹੈ। ਪੱਕਣ ਲਈ ਵੱਧ ਸਮਾ ਲੈਣ ਵਾਲੀਆਂ ਕਿਸਮਾਂ/ਦੋਗਲੀਆਂ ਕਿਸਮਾਂ (ਪੀ ਜੀ ਐਸ ਐਚ 1707, ਪੀ ਜੀ ਐਸ ਐਚ 2155, ਜੀ ਐਸ ਸੀ 7, ਆਰ ਸੀ ਐਚ 1) ਦੀ ਬਿਜਾਈ 25 ਅਕਤੂਬਰ ਤੱਕ ਕਰ ਲੈਣੀ ਚਾਹੀਦੀ ਹੈ। ਸਮੇਂ ਸਿਰ ਬੀਜੀ ਗਈ ਫਸਲ ਤੇ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਦਾ ਹਮਲਾ ਵੀ ਘੱਟ ਹੁੰਦਾ ਹੈ। ਬਿਜਾਈ ਲਈ ਸਿਫਾਰਸ਼ ਕੀਤੇ ਸਮੇਂ ਦੌਰਾਨ ਤਾਪਮਾਨ 25 ਡਿਗਰੀ ਸੈਂਟੀਗ੍ਰੇਡ ਤੋਂ ਵੱਧ ਹੋਵੇ ਤਾਂ ਸਹੀ ਤਾਪਮਾਨ ਹੋਣ ਤੇ ਹੀ ਬਿਜਾਈ ਕਰਨੀ ਚਾਹੀਦੀ ਹੈ। ਪਿਛੇਤੀ ਬੀਜੀ ਫਸਲ ਤਾਪਮਾਨ ਘੱਟ ਹੋਣ ਕਾਰਣ ਜੰਮਣ ਲਈ ਜ਼ਿਆਦਾ ਸਮਾਂ ਲੈਂਦੀ ਹੈ, ਹੌਲੀ ਹੌਲੀ ਵਧਦੀ ਹੈ ਅਤੇ ਇਸ ਨੂੰ ਘੱਟ ਸਾਖਾਵਾਂ ਅਤੇ ਫਲੀਆਂ ਲਗਦੀਆਂ ਹਨ। ਅਜਿਹੀ ਫਸਲ ਨੂੰ ਫਰਵਰੀ-ਮਾਰਚ ਤਾਪਮਾਨ ਵਿਚ ਵਾਧੇ ਕਾਰਨ ਵਧਣ ਅਤੇ ਦਾਣਿਆਂ ਬਣਨ ਲਈ ਪੂਰਾ ਸਮਾਂ ਨਹੀਂ ਮਿਲਦਾ ਅਤੇ ਫਸਲ ਛੇਤੀ ਪੱਕ ਜਾਂਦੀ ਹੈ ਜਿਸ ਦਾ ਮਾੜਾ ਅਸਰ ਫਸਲ ਦੇ ਝਾੜ ਤੇ ਪੈਂਦਾ ਹੈ।

**ਬੀਜ ਦੀ ਮਾਤਰਾ** : ਸਰ੍ਹੋਂ ਜਾਤੀ ਦੀਆਂ ਸਾਰੀਆਂ ਫਸਲਾਂ ਅਤੇ ਕਿਸਮਾਂ/ਦੋਗਲੀਆਂ ਕਿਸਮਾਂ ਦੀ ਬਿਜਾਈ ਲਈ 1.5 ਕਿਲੋ ਬੀਜ ਪ੍ਰਤੀ ਏਕੜ ਵਰਤੋ।



**ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : ਸਰ੍ਹੋਂ ਜਾਤੀ ਦੀ ਕਿਸੇ ਦੀ ਫਸਲ ਲਈ ਲੋੜੀਦਾ ਇਕ ਏਕੜ ਦੇ ਬੀਜ ਨੂੰ ਸਾਫ ਫਰਸ਼/ਪੋਲੀਥੀਨ ਸ਼ੀਟ ਤੇ ਵਿਛਾ ਕੇ ਘੱਟੋ ਘੱਟ ਸਾਫ ਪਾਣੀ ਨਾਲ ਗਿੱਲਾ ਕਰੋ ਅਤੇ 250 ਗ੍ਰਾਮ ਸੁਡੋਮੋਨਾਸ ਪੁਟੀਡਾ ਐਮ ਐੱਲ ਈ ਐਸ 8 ਜੀਵਾਣੂੰ ਖਾਦ ਨੂੰ ਬੀਜ ਨਾਲ ਚੰਗੀ ਤਰ੍ਹਾਂ ਰਲਾ ਕੇ ਛਾਂਵੇਂ ਸੁਕਾ ਲਓ ਅਤੇ ਜਿੰਨਾ ਛੇਤੀ ਹੋ ਸਕੇ ਬਿਜਾਈ ਕਰ ਲਉ।

**ਬਿਜਾਈ ਦਾ ਢੰਗ ਅਤੇ ਬੂਟਿਆਂ ਵਿਚਕਾਰ ਫਾਸਲਾ** : ਬਿਜਾਈ ਹਮੇਸ਼ਾਂ ਕਤਾਰਾਂ ਵਿਚ ਕਰੋ। ਬਿਜਾਈ ਲਈ ਡਰਿੱਲ, ਪੋਰਾ (ਹਲ) ਹੱਥ (ਇੱਕ ਸਿਆੜ) ਜਾਂ ਟ੍ਰੈਕਟਰ ਨਾਲ ਚੱਲਣ ਵਾਲੀ (ਪੰਜ ਜਾਂ ਇਸ ਤੋਂ ਵੱਧ ਸਿਆੜ) ਡਰਿੱਲ ਉਪਲੱਬਧ ਹਨ। ਡਰਿੱਲ ਦੀ ਵਰਤੋਂ ਨਾਲ ਬੀਜ ਇਕਸਾਰ ਅਤੇ ਬਰਾਬਰ ਦੀ ਡੂੰਘਾਈ ਦੇ ਪੈਂਦਾ ਹੈ। ਰਾਇਆ ਦੀ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫਾਸਲਾ 30 ਸੈਂਟੀਮੀਟਰ ਅਤੇ ਗੋਭੀ ਸਰ੍ਹੋਂ ਲਈ ਇਹ ਫਾਸਲਾ 45 ਸੈਂਟੀਮੀਟਰ ਰੱਖੋ। ਬੀਜ ਦੀ ਡੂੰਘਾਈ 4-5 ਸੈਂਟੀਮੀਟਰ ਰੱਖੋ। ਡਰਿੱਲ ਦੇ ਬੀਜ ਚੁੱਕਣ ਵਾਲੇ ਰੋਲਰ (ਫਲੂਟਿਡ ਰੋਲਰ) ਨੂੰ 3 ਮਿਲੀਮੀਟਰ ਖੋਲੋ। ਬਿਜਾਈ ਸਮੇਂ ਟ੍ਰੈਕਟਰ ਦੀ ਰਫਤਾਰ ਇਕ ਸਮਾਨ ਅਤੇ 3-4 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਨਾ ਹੋਵੇ।

ਬਿਜਾਈ ਸਮੇਂ ਯੋਗ ਨਮੀਂ ਅਤੇ ਤਾਪਮਾਨ ਹੋਣ ਤੇ 1.5 ਕਿਲੋਂ ਪ੍ਰਤੀ ਏਕੜ ਬੀਜ ਦੀ ਵਰਤੋਂ ਨਾਲ ਵੀ ਬੀਜ ਦਾ ਚੰਗਾ ਜੰਮ ਹੋਣ ਸਦਕਾ ਪੌਦਿਆਂ ਦੀ ਸੰਖਿਆ ਇਸ ਦੀ ਲੋੜੀਂਦੀ ਗਿਣਤੀ ਤੋਂ ਜ਼ਿਆਦਾ ਹੋ ਸਕਦੀ ਹੈ। ਅਜਿਹੀ ਸੂਰਤ ਵਿਚ ਬੂਟਿਆਂ ਵਿਚਕਾਰ ਸਹੀ ਫਾਸਲਾ (10-12 ਸੈਂਟੀਮੀਟਰ) ਅਤੇ ਲੋੜੀਂਦੀ ਗਿਣਤੀ ਰੱਖਣ ਲਈ ਬਿਜਾਈ ਦੇ ਲਗਭਗ 3 ਹਫਤਿਆਂ ਬਾਅਦ (ਬੀਜ ਪੁੰਗਰਣ ਦੇ ਲਗਭਗ 2 ਹਫਤਿਆਂ ਬਾਅਦ) ਵਾਧੂ ਬੂਟੇ ਪੁੱਟ ਦਿਓ।

**ਪਨੀਰੀ ਵਿੱਧੀ ਰਾਹੀਂ ਗੋਭੀ ਸਰ੍ਹੋਂ ਦੀ ਕਾਸ਼ਤ** : ਜੇਕਰ ਖੇਤ ਖਾਲੀ ਨਾ ਹੋਣ ਕਾਰਨ (ਜਿਵੇਂ ਕਿ ਨਰਮਾ, ਬਾਸਮਤੀ, ਸਾਉਣੀ ਦੀਆਂ ਦਾਲਾਂ, ਆਲੂ, ਚਾਰਾ ਫਸਲਾਂ ਆਦਿ ਤੋਂ ਬਾਅਦ) ਗੋਭੀ ਸਰ੍ਹੋਂ ਦੀ ਸਮੇਂ ਸਿਰ ਬਿਜਾਈ ਸੰਭਵ ਨਾ ਹੋਵੇ ਤਾਂ ਪਛੇਤੀ ਹਾਲਤਾਂ (ਨਵੰਬਰ-ਦਸੰਬਰ) ਵਿਚ ਪਨੀਰੀ ਰਾਹੀਂ ਬੀਜੀ ਗਈ ਕਨੋਲਾ ਗੋਭੀ ਸਰ੍ਹੋਂ ਤੋਂ ਸਿੱਧੀ ਬੀਜੀ ਫਸਲ ਦੇ ਮੁਕਾਬਲੇ ਵੱਧ ਝਾੜ ਲਿਆ ਜਾ ਸਕਦਾ ਹੈ। ਇਸ ਲਈ 400 ਗ੍ਰਾਮ ਬੀਜ ਨਾਲ ਲਗਭਗ 200 ਵਰਗ ਮੀਟਰ (ਅੱਠ ਮਰਲੇ) ਥਾਂ ਵਿਚ ਇੱਕ ਏਕੜ ਲਈ ਪਨੀਰੀ ਤਿਆਰ ਕੀਤੀ ਜਾ ਸਕਦੀ ਹੈ। ਪਨੀਰੀ ਵਾਲੀ ਕਿਆਰੀ ਵਿਚ ਬਿਜਾਈ ਤੋਂ ਪਹਿਲਾਂ 4.5 ਕਿੱਲੋ ਯੂਰੀਆ ਅਤੇ 4 ਕਿਲੋ ਸਿੰਗਲ ਸੁਪਰਫਾਸਫੇਟ ਆਖਰੀ ਵਾਹੀ ਸਮੇਂ ਪਾ ਕੇ ਜ਼ਮੀਨ ਪੱਧਰ ਕਰੋ। ਬੀਜ ਉੱਗਣ ਤੋਂ 10 ਦਿਨਾਂ ਪਿੱਛੋਂ ਇਕ ਹਲਕੀ ਸਿੰਚਾਈ ਕਰੋ। ਇਸ ਤੋਂ ਪਿੱਛੋਂ ਇੱਕ ਜਾਂ ਦੋ ਸਿੰਚਾਈ ਲੋੜ ਅਨੁਸਾਰ ਕਰੋ। ਲਗਭਗ ਇਕ ਮਹੀਨੇ ਦੀ ਗੋਭੀ ਸਰ੍ਹੋਂ ਦੀ ਪੌਦ (3-4 ਪੱਤੇ) ਨੂੰ 45 ਸੈਂਟੀਮੀਟਰ ਦੂਰੀ ਦੀ ਕਤਾਰਾਂ ਵਿਚ 10-12 ਸੈਂਟੀਮੀਟਰ ਦੇ ਫਾਸਲੇ ਤੇ ਲਗਾਉ।

ਪੱਧਰੀ ਜ਼ਮੀਨ ਦੀ ਬਜਾਏ ਬੈੱਡਾਂ ਉੱਪਰ ਵੀ ਕਨੋਲਾ ਗੋਭੀ ਸਰ੍ਹੋਂ ਦੀ ਪਨੀਰੀ ਲਗਾਈ ਜਾ ਸਕਦੀ ਹੈ ਜਿਸ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਝਾੜ ਵਿਚ ਵੀ ਵਾਧਾ ਹੁੰਦਾ ਹੈ। ਬੈੱਡ ਬਣਾਉਣ ਲਈ ਕਣਕ ਬੀਜਣ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਕਰੋ। ਬੈੱਡਾਂ ਉੱਪਰ ਕਨੋਲਾ ਗੋਭੀ ਸਰ੍ਹੋਂ ਦੀਆਂ ਦੋ ਕਤਾਰਾਂ 30 ਸੈਂਟੀਮੀਟਰ ਦੀ ਦੂਰੀ ਤੇ ਲਗਾਉ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 10 ਸੈਂਟੀਮੀਟਰ ਰੱਖੋ। ਬੈੱਡਾਂ ਉੱਪਰ ਲਗਾਈ ਗਈ ਕਨੋਲਾ ਗੋਭੀ ਸਰ੍ਹੋਂ ਲਈ ਖਾਦਾਂ ਦੀ ਮਾਤਰਾ ਅਤੇ ਵਰਤੋਂ ਦਾ ਸਮਾਂ ਬਿਜਾਈ ਲਈ ਕੀਤੀਆਂ ਗਈਆਂ ਸਿਫਾਰਸ਼ ਵਾਂਗ ਹੀ ਹੈ।

**ਖਾਦਾਂ** : ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਅਧਾਰ ਤੇ ਕੀਤੀ ਜਾਣੀ ਚਾਹੀਦੀ ਹੈ। ਦਰਮਿਆਨੀ ਉਪਜਾਊ ਸ਼ਕਤੀ ਵਾਲੇ ਖੇਤ ਵਿਚ 90 ਕਿਲੋ ਯੂਰੀਆ (40 ਕਿਲੋ ਨਾਈਟ੍ਰੋਜਨ) ਅਤੇ 75 ਕਿਲੋ ਸੁਪਰਫਾਸਫੇਟ (12 ਕਿਲੋ ਫਾਸਫੋਰਸ) ਪ੍ਰਤੀ ਏਕੜ ਦੀ ਸਿਫਾਰਿਸ਼ ਕੀਤੀ ਗਈ ਹੈ। ਸਿਫਾਰਿਸ਼ ਕੀਤੀ ਗਈ ਨਾਈਟ੍ਰੋਜਨ ਦੀ ਅੱਧੀ ਮਾਤਰਾ (45 ਕਿਲੋ ਪ੍ਰਤੀ ਏਕੜ) ਖੇਤ ਦੀ ਰੌਣੀ ਸਮੇਂ ਪਾਓ। ਜੇਕਰ ਰੌਣੀ ਸਮੇਂ ਯੂਰੀਆ ਨਾ ਪਾਈ ਗਈ ਹੋਵੇ ਤਾਂ ਅੱਧੀ ਨਾਈਟ੍ਰੋਜਨ ਅਤੇ ਸਾਰੀ ਫਾਸਫੋਰਸ (75 ਕਿਲੋ ਸੁਪਰਫਾਸਫੇਟ)



ਬਿਜਾਈ ਸਮੇਂ ਖੇਤ/ਬੈੱਡ ਦੀ ਤਿਆਰੀ ਸਮੇਂ ਆਖਰੀ ਵਾਹੀ ਤੋਂ ਪਹਿਲਾਂ ਪਾਉ। ਬਾਕੀ ਦੀ ਅੱਧੀ ਨਾਈਟ੍ਰੋਜਨ (45 ਕਿਲੋ ਯੂਰੀਆ) ਪਹਿਲੇ ਪਾਣੀ ਤੋਂ ਬਾਅਦ ਪਾਉ। ਗੰਧਕ (ਸਲਫਰ) ਤੇਲ ਬੀਜ ਫਸਲਾਂ ਲਈ ਇਕ ਮਹੱਤਵਪੂਰਨ ਤੱਤ ਹੈ ਜੋ ਤੇਲ ਦੀ ਮਾਤਰਾ ਅਤੇ ਫਸਲ ਦਾ ਝਾੜ ਵਧਾਉਣ ਵਿਚ ਸਹਾਈ ਹੈ। ਸਿੰਗਲ ਸੁਪਰਫਾਸਫੇਟ (16% ਫਾਸਫੋਰਸ ਖਾਦ ਦੀ ਵਰਤੋਂ ਨਾਲ 12 ਪ੍ਰਤੀਸ਼ਤ ਗੰਧਕ ਤੱਤ ਵੀ ਪ੍ਰਾਪਤ ਹੋ ਜਾਂਦਾ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਸਿੰਗਲ ਸੁਪਰਫਾਸਫੇਟ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਖਾਦ ਡੀ ਏ ਪੀ ਦੇ ਮੁਕਾਬਲੇ ਸਸਤੀ ਵੀ ਹੈ।

ਸਿੰਗਲ ਸੁਪਰਫਾਸਫੇਟ ਖਾਦ ਨਾ ਮਿਲਣ ਦੀ ਸੂਰਤ ਵਿਚ ਫਾਸਫੋਰਸ ਤੱਤ ਦੀ ਪੂਰਤੀ ਲਈ 26 ਕਿੱਲੋ ਡਾਇਅਮੋਨੀਅਮ ਫਾਸਫੇਟ (ਡੀ ਏ ਪੀ) ਅਤੇ ਗੰਧਕ ਲਈ 50 ਕਿਲੋ ਜਿਪਸਮ ਜਾਂ 9 ਕਿਲੋ ਬੈਂਟੋਨਾਈਟ ਸਲਫਰ ਪ੍ਰਤੀ ਏਕੜ ਦੀ ਵਰਤੋਂ ਕਰੋ। ਜੇਕਰ ਡੀ ਏ

ਬਾਕੀ ਸਫਾ 14 'ਤੇ

**ਸਾਰਣੀ 1 : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੁਆਰਾ ਵਿਕਸਤ ਕਨੋਲਾ ਗੋਭੀ ਸਰ੍ਹੋ ਦੀਆਂ ਕਿਸਮਾਂ ਦੇ ਪ੍ਰਮੁੱਖ ਗੁਣ**

| ਮਾਪਦੰਡ | ਕਿਸਮ/ਦੋਗਲੀ ਕਿਸਮ | | | |
|---|---|---|---|---|
| | ਪੀ ਜੀ ਐਸ ਐਸ 2155 (ਦੋਗਲੀ ਕਿਸਮ) | ਪੀ ਜੀ ਐਸ ਐਸ 1707 (ਦੋਗਲੀ ਕਿਸਮ) | ਜੀ ਐਸ ਸੀ 7 (ਕਿਸਮ) | ਜੀ ਐਸ ਸੀ 6 (ਕਿਸਮ) |
| ਔਸਤ ਝਾੜ (ਕੁਇੰਟਲ ਪ੍ਰਤੀ ਏਕੜ) | 9.7 | 8.8 | 8.9 | 6.1 |
| ਤੇਲ ਦੀ ਮਾਤਰਾ (%) | 41.2 | 41.0 | 40.5 | 39.1 |
| ਤੇਲ ਦਾ ਝਾੜ (ਕੁਇੰਟਲ ਪ੍ਰਤੀ ਏਕੜ) | 4.0 | 3.61 | 3.60 | 2.38 |
| ਪੱਕਣ ਲਈ ਸਮਾਂ (ਦਿਨ) | 156 | 162 | 154 | 145 |
| ਔਸਤ ਕੱਦ (ਸੈਂਟੀਮੀਟਰ) | 194 | 206 | 192 | 145 |

**ਸਾਰਣੀ 2 : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੁਆਰਾ ਵਿਕਸਤ ਰਾਇਆ੍ਹ ਦੀਆਂ ਕਿਸਮਾਂ ਦੇ ਪ੍ਰਮੁੱਖ ਗੁਣ**

| ਮਾਪਦੰਡ | ਕਨੋਲਾ | | | ਗੈਰ ਕਨੋਲਾ | | | |
|---|---|---|---|---|---|---|---|
| | ਕਿਸਮ/ਦੋਗਲੀ ਕਿਸਮ | | | | | | |
| | ਆਰ ਸੀ ਐਚ 1 (ਦੋਗਲੀ ਕਿਸਮ) | ਆਰ ਐਲ ਸੀ 3 (ਕਿਸਮ) | ਪੀ ਐਚ ਆਰ 127 (ਦੋਗਲੀ ਕਿਸਮ) | ਪੀ ਐਚ ਆਰ 126 (ਦੋਗਲੀ ਕਿਸਮ) | ਪੀ ਬੀ ਆਰ 357 (ਕਿਸਮ) | ਪੀ ਬੀ ਆਰ 91 (ਕਿਸਮ) | ਗਿਰੀਰਾਮ (ਕਿਸਮ) |
| ਔਸਤ ਝਾੜ (ਕੁਇੰਟਲ ਪ੍ਰਤੀ ਏਕੜ) | 9.2 | 7.3 | 9.5 | 9.1 | 8.5 | 8.1 | 7.7 |
| ਤੇਲ ਦੀ ਮਾਤਰਾ (%) | 39.4 | 41.5 | 39.3 | 40.2 | 39.0 | 37.6 | 40.3 |
| ਤੇਲ ਦਾ ਝਾੜ (ਕੁਇੰਟਲ ਪ੍ਰਤੀ ਏਕੜ) | 3.62 | 3.03 | 3.73 | 3.67 | 3.31 | 3.04 | 3.10 |
| ਪੱਕਣ ਲਈ ਸਮਾਂ (ਦਿਨ) | 152 | 145 | 140 | 145 | 145 | 145 | 144 |
| ਔਸਤ ਕੱਦ (ਸੈਂਟੀਮੀਟਰ) | 194 | 193 | 189 | 179 | 182 | 195 | 184 |



# ਬਲਾਕ ਕਾਹਨੂੰਵਾਨ ਦੇ ਪਿੰਡ ਸੇਖਵਾਂ ਦੇ ਕਿਸਾਨ ਬੂਟਾ ਸਿੰਘ ਪਿਛਲੇ 10 ਸਾਲਾਂ ਤੋਂ ਫਸਲੀ - ਰਹਿੰਦ-ਖੂੰਹਦ ਨੂੰ ਅੱਗ ਨਾ ਲਗਾ ਕੇ ਇੰਟਰਕਰੋਪਿੰਗ,ਖੇਤੀ ਵਿਭਿੰਨਤਾ, ਐਗਰੋ ਫੋਰੈਸਟਰੀ ਤੇ ਮਿੱਟੀ ਉਪਜਾਊਤਾ ਲਈ ਦੇਸੀ ਗਾਵਾਂ ਤੇ ਹਰੀ ਖਾਦ ਨਾਲ ਕਰਦੇ ਕੁਦਰਤੀ ਖੇਤੀ

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।**

**ਉੱਦਮ ਤੇ ਉਪਰਾਲੇ** : ਕਿਸਾਨ ਬੂਟਾ ਸਿੰਘ ਨੇ ਕਿਹਾ ਕਿ ਭਗਵਾਨ ਦਾ ਸਿਧਾਂਤ ਹੈ ਭ-ਭੂਮੀ, ਗ-ਗਗਨ, ਵ-ਵਾਯੂ, ਅ-ਅਗਨੀ, ਨ-ਨੀਰ। ਭਗਵਾਨ ਜਿਸ ਤੋਂ ਸਾਰੀ ਬਨਸਪਤੀ ਤੇ ਜੀਵ ਬਣਦੇ ਹਨ। ਏਨਾਂ ਜੀਵਾਂ ਦੀ ਵੀ ਲੋੜਾਂ ਹਨ, ਏਨਾਂ ਨੇ ਵੀ ਏਥੋਂ ਹੀ ਖਾਣਾ ਹੈ ਤੇ ਏਥੇ ਹੀ ਰਹਿਣਾ ਹੈ ਸਾਨੂੰ ਸਮਝਣ ਦੀ ਲੋੜ ਹੈ। ਦੱਸਿਆ ਕਿ ਮੈਂ ਨਾਨ ਆਰਗੈਨਿਕ ਫਸਲ ਨੂੰ ਕੇਵਲ 1.5 ਬੋਰਾ ਯੂਰੀਆ, ਅੱਧੀ ਬੋਰੀ ਡੀ ਏ ਪੀ ਤੇ ਬਾਕੀ ਸਾਰਾ ਸਾਲ ਸਮਾਂ ਜੀਵ ਅੰਮ੍ਰਿਤ ਪਾਉਂਦੇ ਰਹਿੰਦੇ ਹਾਂ। ਮੈਂ ਕਦੇ ਵੀ ਦੇਖਾ ਦੇਖੀ ਸਪਰੇਅ ਜਾਂ ਖਾਦ ਨਹੀਂ ਪਾਈ ਤੇ ਕੀਟ ਨਾਸ਼ਕ ਵੀ ਨਾ ਬਰਾਬਰ। ਫਗਵਾੜੇ ਦੇ ਗੁੱਡ ਗਰੋ ਮਾਡਲ ਤਹਿਤ ਬੈੱਡਾਂ ਦੇ ਸਾਈਡਾਂ ਤੇ ਨੌਂ ਨੌਂ ਇੰਚ ਕਣਕ ਨੂੰ ਚੋਗ ਕੇ ਤੇ ਵਿਚਕਾਰ ਛੋਲੇ ਨਾਈਟ੍ਰੋਜਨ ਫਿਕਸੇਸ਼ਨ ਲਈ ਲਗਾਉਂਦੇ ਹਾਂ। ਉਹਨਾਂ ਕਿਹਾ ਕਿ ਮੈਂ ਮੈਟ੍ਰਿਕ ਪਾਸ



ਕਰਨ ਤੋਂ ਬਾਅਦ ਮੁਰਗੀ ਪਾਲਣ ਦੀ ਟਰੇਨਿੰਗ ਲਈ ਪਰ ਪੋਲਟਰੀ ਦਾ ਕੰਮ ਨਹੀਂ ਕੀਤਾ। ਖੇਤੀ ਵਿਭਿੰਨਤਾ 'ਚ ਗੰਨੇ ਦੀ ਫਸਲ, ਛੋਲੇ ਦਾਲਾਂ, ਸਾਰੀਆਂ ਸਬਜ਼ੀਆਂ ਵੀ ਸਾਡੇ ਘਰ ਦੀ ਹੁੰਦੀ ਹੈ। ਕੇਵਲ ਅਸੀਂ ਬਜ਼ਾਰ ਵਿਚ ਕੇਵਲ ਮਸਾਲੇ ਤੇ ਲੂਣ ਹੀ ਖਰੀਦਦੇ ਹਾਂ। ਸਰ੍ਹੋਂ ਵੀ ਸਾਡੀ ਆਪਣੀ ਹੁੰਦੀ ਹੈ। ਮੈਂ ਘਰ ਵਿਚ ਆਪਣਾ ਵੇਲਣਾ ਲਗਾਇਆ ਹੈ ਗੰਨਾ ਕਦੇ ਵੀ ਮਿੱਲ ਵਿਚ ਨਹੀਂ ਭੇਜਿਆ। ਪਿੰਡਾਂ ਦੇ ਬੰਦੇ ਅਗੇਤੀਆਂ ਡਿਮਾਡਾਂ ਕਰਕੇ ਗੁੜ ਮੈਥੋਂ ਕੁਦਰਤੀ ਖੇਤੀ ਦੁਆਰਾ ਤਿਆਰ ਕੀਤਾ ਖਰੀਦਦੇ ਹਨ। ਜਿਹੜਾ ਇਕ ਵਾਰ ਮੇਰਾ ਗੁੜ ਸਬਜ਼ੀ ਆਲੂ ਜਾਂ ਦਾਲਾਂ ਖਾਂਦੇ ਨੇ ਫਿਰ ਉਹ ਕੁਦਰਤੀ ਖੇਤੀ ਦੁਆਰਾ ਤਿਆਰ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਦੇ ਸਵਾਦ ਨੂੰ ਆਨੰਦ ਮਾਣਦੇ ਹਨ। ਬਾਰ ਬਾਰ ਉਹੀ ਦੁਬਾਰਾ ਲਿਆਉਣ ਦੀ ਮੰਗ ਕਰਦੇ ਹਨ। ਬਹੁਤੇ ਰਹਿ ਜਾਂਦੇ ਹਨ ਜਿਨ੍ਹਾਂ ਦੀ ਡਿਮਾਂਡ ਪੂਰੀ ਨਹੀਂ ਹੁੰਦੀ। ਚੰਗਾ ਭੋਜਨ ਖਾਣ ਨਾਲ ਹੀ ਤੰਦਰੁਸਤ ਸਿਹਤ ਤੇ ਤੰਦਰੁਸਤ ਸਮਾਜ ਦੀ ਸਿਰਜਣਾ ਹੁੰਦੀ ਹੈ। ਖੇਤੀ ਵਿਭਿੰਨਤਾ ਤੇ ਐਗਰੋ ਫਾਰੈਸਟਰੀ ਦੀ ਗੱਲ ਕਰੀਏ ਤਾਂ ਮੈਂ ਤਿੰਨ ਕਿਲਿਆਂ ਦੀ ਵੱਟਾਂ ਤੇ ਪਾਪੂਲਰ ਲਗਾਇਆ ਹੈ ਜਿਸਦੇ ਪੱਤਿਆਂ ਦੀ ਰਹਿੰਦ ਖੂੰਹਦ ਵੀ ਖੇਤ ਚ ਸੰਭਾਲ ਕਰਦੇ ਹਾਂ ਦੂਜੀ ਗੱਲ ਮੈਂ ਕਦੇ ਚੂਹੇ ਮਾਰਨ ਵਾਲੀ ਦਵਾਈ ਖੇਤ ਨੂੰ ਨਹੀਂ ਪਾਈ। ਪਾਪੂਲਰ ਦੇ ਉਪਰ ਵਧੇਰੇ ਪੰਛੀਆਂ ਦੇ ਆਲ੍ਹਣੇ ਨੇ ਉਹ ਖੁਦ ਹੀ ਆਪ ਚੂਹਿਆਂ ਨੂੰ ਖਾ ਜਾਂਦੇ ਹਨ। ਪਿੰਡ ਵਿਚ ਕਿਤੇ ਅੱਗ ਲੱਗੀ ਦੇਖ ਲੈਂਦਾ ਤਾਂ ਦਿਲੋਂ ਦੁਖੀ ਹੁੰਦਾ ਕਿ ਇਹ ਵਾਤਾਵਰਣ ਪਲੀਤ ਕਰਨਗੇ। ਮੈਂ ਪਿੰਡ ਦੇ ਗੁਰੂ ਘਰ ਦਾ ਛੋਟਾ ਜਿਹਾ ਪ੍ਰਚਾਰਕ ਹੋਣ ਦੇ ਨਾਤੇ ਗੁਰੂਦਵਾਰਾ ਸਾਹਿਬ ਤੋਂ ਲੈ ਕੇ ਜਿੱਥੇ ਵੀ ਬੈਠਦਾ ਹਾਂ ਅੱਗ ਨਾ ਲਗਾਉਣ ਬਾਰੇ ਤੇ ਕੁਦਰਤ ਨਾਲ ਜੁੜਨ ਬਾਰੇ ਆਖਦਾ ਹਾਂ। ਖੇਤੀਬਾੜੀ ਵਿਭਾਗ ਵੱਲੋਂ ਸਨਮਾਨਿਤ ਕਿਸਾਨ ਬਲਾਕ ਫਾਰਮਰ ਐਡਵਾਇਜ਼ਰੀ ਕਮੇਟੀ ਤੇ ਕਿਸਾਨ ਹੱਟ ਕਾਹਨੂੰਵਾਨ ਦਾ ਮੈਂਬਰ ਹੈ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

**ਮਾਰਕੀਟਿੰਗ ਤੇ ਸਹਾਇਕ ਧੰਦੇ** : ਝੋਨੇ ਦੀ ਮਾਰਕੀਟਿੰਗ ਲਈ 1718 ਤੇ ਘੱਟ ਸਮੇਂ ਲਈ 1692 ਨੂੰ ਤਰਜੀਹ ਦਿੰਦੇ ਹਾਂ। ਇਸ ਦੀ ਡਿਮਾਂਡ ਹੋਣ ਕਰਕੇ ਵੇਚਣ ਦੀ ਤੰਗੀ ਨਹੀਂ ਆਉਂਦੀ। ਸਾਹੀਵਾਲ ਗਾਵਾਂ ਪਾਲਣ ਦੇ ਨਾਲ ਦੇਸੀ ਕਣਕ ਦਾ ਨਾੜ 10 ਕੁਇੰਟਲ ਤੇ ਝੋਨੇ ਦਾ 22 ਕੁਇੰਟਲ ਪ੍ਰਤੀ ਏਕੜ ਰਹਿੰਦਾ। ਬਿਨਾਂ ਆਰਗੈਨਿਕ ਘੱਟ ਖਾਦ ਵਾਲੀ ਝੋਨੇ ਦਾ ਝਾੜ 29.5 ਕੁਇੰਟਲ ਰਿਹਾ। ਅਸੀਂ ਗੋਬਰ ਗੈਸ ਪਲਾਂਟ ਪਿਛਲੇ ਗਿਆਰਾਂ ਸਾਲਾਂ ਤੋਂ ਲਗਾਇਆ ਜੋ ਗਰਮੀ 'ਚ ਸਿਲੰਡਰ ਲੋੜ ਨਹੀਂ, ਸਰਦੀਆਂ ਚ ਕਾਹਲ ਕਰਕੇ ਕਰਨੀ ਪੈਂਦੀ ਹੈ। ਪਾਪੂਲਰ ਦੀ ਮਾਰਕੀਟਿੰਗ ਬਾਰੇ ਦੱਸਿਆ ਕਿ ਵਪਾਰੀ ਆ ਕੇ ਲੈ ਜਾਂਦੇ, ਅਗਾਂਹ ਪਾਪੂਲਰ ਤੇ ਹਲਦੀ ਦੀ ਕਾਸ਼ਤ ਹੇਠਾਂ ਰਕਬਾ ਵਧਾਉਣ ਦੀ ਪਲੈਨਿੰਗ ਹੈ।

**ਸੰਦੇਸ਼** : ਕਿਸਾਨ ਬੂਟਾ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਸੋਸ਼ਲ ਮੀਡੀਆ ਨੂੰ ਸਹੀ ਤਰੀਕੇ ਨਾਲ ਵਰਤਣ ਦੀ ਲੋੜ ਹੈ। ਮੈਂ ਖੁਦ ਯੂ ਟਿਊਬ ਤੇ ਖੇਤੀਬਾੜੀ ਵਿਭਾਗ ਕਾਹਨੂੰਵਾਨ ਦੇ ਚੱਲਦੇ ਵੱਟਸਐਪ ਗਰੁੱਪ ਰਾਹੀਂ ਆਪਣੇ ਆਪ ਵਿਚ ਬਦਲਾਅ ਲਿਆਂਦਾ, ਉਥੋਂ ਕਿਸਾਨਾਂ ਦੀਆਂ ਸਫਲ ਕਹਾਣੀਆਂ, ਖੇਤੀ ਲਿਟਰੇਚਰ ਪੜਦਾ, ਜਿਸ ਤੋਂ ਸਾਨੂੰ ਨਵੀਂ ਖੋਜ ਨਵੀਂ ਤਕਨੀਕ, ਨਵੀਂ ਸੋਚ ਤੇ ਜਾਣਕਾਰੀ ਸੇਧ ਵਜੋਂ ਮਿਲਦੀ। ਦੂਜੀ ਬੇਨਤੀ ਕਿਸਾਨਾਂ ਨੂੰ ਕੀਤੀ ਕਿ ਮਿੱਟੀ ਨੂੰ ਨਾ ਸਾੜਨ ਕਿੰਨੇ ਜੀਵ ਅਣਜਾਣੇ ਵਿਚ ਮਰ ਜਾਂਦੇ ਹਨ ਤੇ ਮਿੱਟੀ ਬੰਜਰ ਚੁੱਲ੍ਹੇ ਦੀ ਮਿੱਟੀ ਵਾਗ ਬਣਦੀ ਹੈ ਅਤੇ ਕੁਦਰਤ ਨਾਲ ਜੁੜਨ। ਉਹਨਾਂ ਰੁੱਖ ਲਗਾਉਣ ਬਾਰੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਇਕ ਰੁੱਖ ਇਕ ਮਰਲਾ ਮਾਰਦਾ ਹੈ ਤਾਂ ਮੈਨੂੰ ਪੰਜ ਸਾਲਾਂ ਦੇ ਬੂਟੇ ਦੇ ਵੱਧ ਪੈਸੇ ਮਿਲਦੇ ਹਨ। ਵਧੇਰੇ ਪੈਸੇ ਤੇ ਵਾਤਾਵਰਣ ਨੂੰ ਸਾਫ ਰੱਖਣ ਦੇ ਨਾਲ ਉਹਨਾਂ ਰੁੱਖਾਂ ਤੇ ਬੈਠਣ ਵਾਲੇ ਪੰਛੀ ਖੇਤ ਦੇ ਚੂਹੇ ਵੀ ਤਾਂ ਖਾ ਜਾਂਦੇ ਹਨ। ਖੇਤ ਨੂੰ ਪਾਣੀ ਲਗਾਉਣ ਬਾਰੇ ਉਹਨਾਂ ਕਿਹਾ ਕਿ ਕਿਸਾਨ ਵੀਰ ਹਰੇਕ ਫਸਲ ਨੂੰ ਵੱਤਰ ਦੇ ਪਾਣੀ ਲਗਾਉਣ ਫਸਲ ਉਲੀਆਂ, ਕੀਟਾਂ ਤੋਂ ਬਚ ਜਾਂਦੀਆਂ ਹਨ, ਅਸੀਂ ਕਦੇ ਕਿਸੇ ਫਸਲ 'ਚ ਡਾਫਾਂ ਨਾਲ ਪਾਣੀ ਨਹੀਂ ਲਗਾਇਆ ਕੇਵਲ ਦੋ-ਤਿੰਨ ਇੰਚ ਪਾਣੀ ਫੇਰਦੇ ਹਾਂ। ਜ਼ਿਆਦਾ ਵੱਤਰ ਰੱਖਦੇ ਹਾਂ ਫਸਲ ਮਿੱਟੀ ਦੋਨੋਂ ਤੰਦਰੁਸਤ। ਉਹਨਾਂ ਆਪਣਾ ਨੰਬਰ 98153-67831 ਸਾਂਝਾ ਕੀਤਾ। ਤੁਹਾਡਾ ਕਿਸਾਨ ਸਫਲ ਕਹਾਣੀ ਸੰਗ੍ਰਹਿ ਪ੍ਰਤੀ ਕੋਈ ਸੁਝਾਅ ਹੋਵੇ ਤਾਂ ਵਿਭਾਗ ਦੇ ਨੰਬਰ ਤੇ ਸੰਪਰਕ ਕਰੋ।

ਬਾਕੀ ਸਫਾ 13 ਦੀ

## ਸਰ੍ਹੋਂ ਉਤਪਾਦਨ ਲਈ ਉੱਨਤ ਤਕਨੀਕਾਂ

ਪੀ (26 ਕਿਲੋ ਪ੍ਰਤੀ ਏਕੜ) ਦੀ ਵਰਤੋਂ ਕਰਨੀ ਹੋਵੇ ਤਾਂ ਬਿਜਾਈ ਸਮੇਂ 35 ਕਿਲੋ ਯੂਰੀਆ ਪ੍ਰਤੀ ਏਕੜ ਹੀ ਪਾਉ। ਗੰਧਰ ਦੀ ਘਾਟ (10 ਪੀ ਪੀ ਐਮ ਤੋਂ ਘੱਟ) ਵਾਲਿਆਂ ਜ਼ਮੀਨਾਂ ਵਿਚ 80 ਕਿਲੋ ਜਿਪਸਮ ਜਾਂ 13.3 ਕਿਲੋ ਬੈਂਟੋਨਾਈਟ ਸਲਫਰ ਪ੍ਰਤੀ ਏਕੜ ਦੀ ਵਰਤੋਂ ਕਰੋ। ਪੋਟਾਸ਼ੀਅਮ ਤੱਤ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ 10 ਕਿੱਲੋ ਮਿਊਰੇਟ ਆਫ ਪੋਟਾਸ਼ (6 ਕਿਲੋ ਪੋਟਾਸ਼ੀਅਮ) ਪ੍ਰਤੀ ਏਕੜ ਅਤੇ ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ 10 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (21% ਜ਼ਿੰਕ) ਜਾਂ 6.5 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (33% ਜ਼ਿੰਕ) ਪ੍ਰਤੀ ਏਕੜ ਬਿਜਾਈ ਸਮੇਂ ਪਾਉ।

**ਨਦੀਨਾਂ ਦੀ ਰੋਕਥਾਮ** : ਨਦੀਨਾਂ



ਦੀ ਰੋਕਥਾਮ ਲਈ ਪਹਿਲੀ ਗੋਡੀ, ਬਿਜਾਈ ਤੋਂ ਤਿੰਨ ਹਫਤਿਆਂ ਬਾਅਦ ਬੂਟੇ ਵਿਰਲੇ ਕਰਨ ਉਪਰੰਤ ਕਰੋ। ਇਹ ਗੋਡੀ ਜ਼ਮੀਨ ਵਿਚ ਨਮੀਂ ਬਣਾਈ ਰੱਖਣ ਵਿਚ ਵੀ ਸਹਾਈ ਹੁੰਦੀ ਹੈ। ਜੇਕਰ ਲੋੜ ਪਵੇ ਤਾਂ ਦੂਜੀ ਗੋਡੀ ਪਹਿਲੀ ਗੋਡੀ ਦੇ ਤਿੰਨ ਹਫਤਿਆਂ ਬਾਅਦ ਕੀਤੀ ਜਾਣੀ ਚਾਹੀਦੀ ਹੈ।

**ਸਿੰਚਾਈ** : ਇਨ੍ਹਾਂ ਫਸਲਾਂ ਭਰਵੀਂ ਰੌਣੀ (10-12 ਸੈਂਟੀਮੀਟਰ) ਲਾਉਣ ਉਪਰੰਤ ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਬੀਜੋ। ਇਨ੍ਹਾਂ ਫਸਲਾਂ ਲਈ ਦੋ ਤੋਂ ਤਿੰਨ ਪਾਣੀ ਲੋੜੀਂਦੇ ਹਨ। ਪਹਿਲਾ ਸਿੰਚਾਈ ਬਿਜਾਈ ਤੋਂ ਲਗਭਗ ਚਾਰ ਹਫਤਿਆਂ ਬਾਅਦ ਕਰੋ। ਰਾਇਆ ਨੂੰ ਦੂਜਾ ਪਾਣੀ ਫੁੱਲ ਪੈਣ ਤੇ ਲਗਾਉ। ਜੇਕਰ ਕੋਹਰਾ ਪੈਣ ਦਾ ਅੰਦੇਸ਼ਾ ਹੋਵੇ ਤਾਂ ਹਲਕੀ ਸਿੰਚਾਈ ਕਰੋ। ਖਾਸ ਕਰ ਗੋਭੀ ਸਰ੍ਹੋਂ ਨੂੰ ਤੀਜਾ ਅਤੇ ਅਖੀਰਲਾ ਪਾਣੀ ਫਰਵਰੀ ਦੇ ਦੂਸਰੇ ਪੰਦਰਵਾੜੇ (ਫਲੀਆਂ ਪੈਣ ਤੇ) ਦੌਰਾਨ ਲਗਾਉਣਾ ਚਾਹੀਦਾ ਹੈ।

**ਫਸਲ ਦੀ ਕਟਾਈ ਅਤੇ ਗਹਾਈ** : ਜਦੋਂ ਫਲੀਆਂ ਦਾ ਰੰਗ ਪੀਲਾ ਪੈਣ ਲੱਗੇ ਅਤੇ ਦਾਣੇ ਸਖਤ ਹੋ ਜਾਣ, ਫਸਲ ਦੀ ਵਾਢੀ ਕਰ ਲੈਣੀ ਚਾਹੀਦੀ ਹੈ। ਪੱਕਣ ਸਮੇਂ ਕਨੋਲਾ ਰਾਇਆ ਦੀ ਕਿਸਮ ਆਰ ਐਲ ਸੀ 3, ਜਿਨ੍ਹਾਂ ਦੇ ਦਾਣਿਆ ਦਾ ਰੰਗ ਵੀ ਪੀਲਾ ਹੋ ਜਾਂਦਾ ਹੈ, ਨੂੰ ਛੱਡ ਕੇ ਗੋਭੀ ਸਰ੍ਹੋਂ ਅਤੇ ਰਾਇਆ ਦੀ ਬਾਕੀ ਸਾਰੀ ਕਿਸਮਾਂ ਦੇ ਦਾਣਿਆਂ ਦਾ ਰੰਗ ਭੂਰਾ ਜਾਂ ਕਾਲਾ ਹੁੰਦਾ ਹੈ। ਗੋਭੀ ਸਰ੍ਹੋਂ ਦੀ ਫਸਲ ਦੇ ਦਾਣਿਆਂ ਨੂੰ ਝੜਨ ਤੋਂ ਬਚਾਉਣ ਲਈ ਇਸ ਦੀ ਕਟਾਈ ਸਵੇਰ ਦੇ ਸਮੇਂ ਕਰਨੀ ਚਾਹੀਦੀ ਹੈ ਜਦੋਂ ਤਰੇਲ ਦੀ ਨਮੀਂ ਨਾਲ ਬੂਟੇ ਨਰਮ ਹੁੰਦੇ ਹਨ। ਇਸ ਦੀ ਅਗੇਤੀ ਵਾਢੀ (ਦਾਣਿਆਂ ਦੇ ਚੰਗੀ ਤਰ੍ਹਾਂ ਪੱਕਣ ਤੋਂ ਪਹਿਲਾਂ) ਕਰਨ ਨਾਲ ਤੇਲ ਦੀ ਕੁਆਲਿਟੀ ਤੇ ਮਾੜਾ ਅਸਰ ਪੈਂਦਾ ਹੈ ਅਤੇ ਦਾਣਿਆਂ ਵਿਚ ਕਲੋਰੋਫਿੱਲ (ਹਰਾਪਨ) ਵੱਧ ਹੋਣ ਕਾਰਨ ਤੇਲ ਦਾ ਰੰਗ ਹਰਾ-ਪੀਲਾ ਹੋ ਜਾਂਦਾ ਹੈ। ਵਾਢੀ ਉਪਰੰਤ ਖੇਤ ਵਿਚ ਹੀ ਫਸਲ ਨੂੰ ਲਗਭਗ ਇਕ ਹਫਤੇ ਤੱਕ ਚੰਗੀ ਤਰ੍ਹਾਂ ਸੁਕਾਉਣ ਤੋਂ ਬਾਅਦ ਹੀ ਸਟੋਰ ਕਰੋ।

# ਝੋਨੇ ਦੀ ਖੇਤੀ ਨੂੰ ਅਲਵਿਦਾ ਆਖ ਲੋਕਾਂ ਲਈ ਮਿਸਾਲ ਬਣੇ ਕਿਸਾਨ ਰਣਵੀਰ ਸਿੰਘ ਸਿੱਧੂ

ਜਿੱਥੇ ਅੱਜ ਹਰ ਇਨਸਾਨ ਧਰਤੀ ਹੇਠਲੇ ਪਾਣੀ ਦੀ ਬੱਚਤ ਲਈ ਦੁਹਾਈਆਂ ਪਾਉਂਦਾ ਵਿਖਾਈ ਦੇ ਰਿਹਾ ਹੈ, ਉੱਥੇ ਜ਼ਿਲ੍ਹਾ ਲੁਧਿਆਣਾ ਦੇ ਦਰਿਆ ਸਤਲੁਜ ਦੇ ਕੰਢੇ 'ਤੇ ਸਥਿਤ ਪਿੰਡ ਖਹਿਰਾ ਬੇਟ ਦਾ ਅਗਾਂਹਵਧੂ ਕਿਸਾਨ ਰਣਵੀਰ ਸਿੰਘ ਸਿੱਧੂ ਸਪੁੱਤਰ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸ. ਟਹਿਲ ਸਿੰਘ ਸਿੱਧੂ ਝੋਨੇ, ਕਣਕ ਦੀ ਖੇਤੀ ਨੂੰ ਅਲਵਿਦਾ ਆਖ ਕੇ ਆਪਣੀ 75 ਏਕੜ ਜ਼ਮੀਨ 'ਚ ਝੋਨੇ ਦੇ ਬਦਲ ਵਜੋਂ ਸਬਜ਼ੀਆਂ, ਫਲਾਂ ਅਤੇ ਕੁਝ ਹਿੱਸੇ 'ਚ ਪਾਪੂਲਰ ਦੇ ਰੁੱਖ ਲਗਾ ਕੇ ਪਾਣੀ ਬਚਾਉਣ ਅਤੇ ਹਵਾ ਨੂੰ ਪ੍ਰਦੂਸ਼ਿਤ ਰਹਿਤ ਕਰਨ ਲਈ ਵੱਡਾ ਯੋਗਦਾਨ ਪਾਉਂਦਾ ਦਿਖਾਈ ਦੇ ਰਿਹਾ ਹੈ। ਜਿਸ ਸਦਕਾ ਖੇਤੀਬਾੜੀ ਵਿਭਾਗ ਅਤੇ ਹੋਰ ਵਾਤਾਵਰਨ ਸੰਸਥਾਵਾਂ ਵਲੋਂ ਅਗਾਂਹਵਧੂ ਕਿਸਾਨ ਰਣਵੀਰ ਸਿੰਘ ਸਿੱਧੂ ਨੂੰ ਅਨੇਕਾਂ ਵਾਰ ਸਨਮਾਨਿਤ ਵੀ ਕੀਤਾ ਜਾ ਚੁੱਕਿਆ ਹੈ। ਝੋਨੇ ਦੀ ਖੇਤੀ ਦੇ ਉਲਟ 1993 ਤੋਂ ਬਦਲਵੀਂ ਖੇਤੀ 'ਚ 150 ਕਿੱਲੇ 'ਚ ਪਾਪੂਲਰਾਂ ਦੀ ਖੇਤੀ ਰਾਹੀਂ ਚੰਗਾ ਮੁਨਾਫਾ ਕਮਾ ਚੁੱਕਾ ਹੈ। ਆਪਣੇ ਖੇਤਾਂ 'ਚ ਲਗਾਏ ਭਿੰਨ-ਭਿੰਨ ਪ੍ਰਕਾਰ ਦੇ ਪੌਦਿਆਂ ਨੂੰ ਵਿਖਾਉਂਦੇ ਹੋਏ ਕਿਸਾਨ ਰਣਵੀਰ ਸਿੰਘ ਨੇ ਦੱਸਿਆ ਕਿ 1993 ਦੇ ਦਹਾਕੇ 'ਚ ਸਭ ਤੋਂ ਪਹਿਲਾਂ ਉਨ੍ਹਾਂ ਨੇ ਕਈ ਕਿਸਮ ਦੇ ਪਾਪੂਲਰਾਂ ਦੀ ਪਨੀਰੀ ਲਗਾ ਕੇ ਵਧੀਆ ਕਮਾਈ ਕੀਤੀ ਅਤੇ ਝੋਨੇ ਦੀ ਖੇਤੀ ਨੂੰ ਸਦਾ ਲਈ ਅਲਵਿਦਾ ਆਖ ਕੇ 40 ਏਕੜ ਰਕਬੇ 'ਚ ਪਾਪੂਲਰ ਅਤੇ ਬਾਕੀ ਰਕਬੇ 'ਚ ਅਮਰੂਦਾਂ ਦੇ ਬਾਗ ਤੋਂ ਇਲਾਵਾ ਹੋਰ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾਏ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਉਹ 75 ਏਕੜ ਜ਼ਮੀਨ ਹੋਰ ਮਾਮਲੇ 'ਤੇ ਲੈ ਕੇ ਉਸ 'ਚ ਵੀ ਪਾਪੂਲਰ ਆਦਿ ਦੀ ਪਨੀਰੀ ਬੀਜ ਕੇ ਇਸ ਨੂੰ ਬਾਹਰਲੇ ਸੂਬਿਆਂ 'ਚ ਭੇਜਿਆ ਜਾ ਰਿਹਾ ਹੈ। ਕਿਸਾਨ ਰਣਵੀਰ ਸਿੰਘ ਸਿੱਧੂ ਦਾ ਆਖਣਾ ਹੈ ਕਿ ਧਰਤੀ ਹੇਠਲੇ ਪਾਣੀ ਦੀ ਬੱਚਤ ਲਈ ਉਹ ਸਾਰੇ ਰਕਬੇ 'ਚ ਡ੍ਰਿਪ ਸਿਸਟਮ ਰਾਹੀਂ ਫਸਲ ਨੂੰ ਪਾਣੀ ਦੇ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਿੱਥੇ ਝੋਨੇ ਦੀ ਖੇਤੀ ਕਰਨ ਨਾਲ ਧਰਤੀ ਹੇਠਲੇ ਮਿੱਤਰ ਕੀੜੇ ਅਤੇ ਹੋਰ ਜੀਵ ਜੰਤੂ ਇਸ ਰਕਬੇ ਵੱਲ ਮੂੰਹ ਨਹੀਂ ਕਰਦੇ, ਉੱਥੇ ਸਾਡੇ ਵਲੋਂ ਲਗਾਏ ਪਾਪੂਲਰਾਂ ਅਤੇ ਫਲਾਂ ਆਦਿ ਦੇ ਦਰੱਖਤਾਂ 'ਚ ਪੰਛੀਆਂ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਆਪਣਾ ਰੈਣ ਬਸੇਰਾ ਕਰੀ ਬੈਠੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਮਨ ਨੂੰ ਸਕੂਨ ਮਿਲਦਾ ਹੈ। ਉਨ੍ਹਾਂ ਆਪਣੇ ਕਿਸਾਨ ਭਰਾਵਾਂ ਨੂੰ ਇਕ ਸੁਨੇਹਾ ਦਿੰਦੇ ਹੋਏ ਆਖਿਆ ਕਿ ਸਿਰਫ ਝੋਨੇ ਦੀ ਖੇਤੀ ਤੋਂ ਵੱਧ ਮੁਨਾਫਾ ਨਹੀਂ ਕਮਾਇਆ ਜਾ ਸਕਦਾ, ਸਗੋਂ ਖੇਤੀ ਵਿਭਾਗ ਦੀਆਂ ਸਿਫਾਰਸ਼ਾਂ 'ਤੇ ਆਪਣੇ ਰਕਬੇ ਦੀ ਮਿੱਟੀ ਦੀ ਪਰਖ ਕਰਵਾਉਣ ਉਪਰੰਤ ਬਦਲਵੀਂ ਖੇਤੀ ਜਾਂ ਬਾਗ ਆਦਿ ਲਗਾ ਕੇਵੀ ਝੋਨੇ ਦੀ ਖੇਤੀ ਤੋਂ ਕਿਤੇ ਜ਼ਿਆਦਾ ਮੁਨਾਫਾ ਕਮਾਇਆ ਜਾ ਸਕਦਾ ਹੈ। ਇਸ ਲਈ ਸਾਨੂੰ ਸਭ ਨੂੰ ਧਰਤੀ ਹੇਠਲੇ ਪਾਣੀ ਦੀ ਬੱਚਤ ਅਤੇ ਸ਼ੁੱਧ ਹਵਾ 'ਚ ਸਾਹ ਲੈਣ ਲਈ ਝੋਨੇ ਦੀ ਖੇਤੀ ਨੂੰ ਤੁਰੰਤ ਅਲਵਿਦਾ ਆਖ ਦੇਣਾ ਚਾਹੀਦਾ ਹੈ। ਸੋ, ਅੱਜ ਲੋੜ ਹੈ ਕਿ ਸਮੇਂ ਦੀ ਸਰਕਾਰ ਅਤੇ ਖੇਤੀਬਾੜੀ ਵਿਭਾਗ ਅਜਿਹੇ ਅਗਾਂਹਵਧੂ ਕਿਸਾਨ ਨੂੰ ਵਿਸ਼ੇਸ਼ ਸਨਮਾਨ ਦੇਵੇ ਤਾਂ ਜੋ ਹੋਰ ਕਿਸਾਨ ਵੀਰ ਵੀ ਝੋਨੇ ਦੀ ਖੇਤੀ ਨੂੰ ਹੋਰ ਬਦਲਵੀਂ ਖੇਤੀ ਵਜੋਂ ਤਬਦੀਲ ਕਰ ਸਕਣ।

**ਮੇਜਰ ਸਿੰਘ ਹੰਬੜਾਂ, ਪਿੰਡ ਵਲੀਪੁਰ ਕਲਾਂ, ਜ਼ਿਲ੍ਹਾ ਲੁਧਿਆਣਾ** (ਮੋ. 98555-06252)

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਝੋਨਾ** : ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਝੋਨੇ ਦੀ ਵਾਢੀ ਲਈ ਤਿਆਰ ਫਸਲ ਦੀ ਕਟਾਈ ਕਰ ਲੈਣ। ਫਸਲ ਪੱਕਣ ਤੋਂ ਦੋ ਹਫਤੇ ਪਹਿਲਾਂ ਪਾਣੀ ਦੇਣਾ ਬੰਦ ਕਰ ਦਿਓ ਤਾਂ ਕਿ ਕਟਾਈ ਸੌਖੀ ਹੋ ਸਕੇ। ਇਸ ਤਰ੍ਹਾਂ ਕਰਨ ਨਾਲ ਝੋਨੇ ਪਿੱਛੋਂ ਬੀਜੀ ਜਾਣ ਵਾਲੀ ਹਾੜ੍ਹੀ



ਦੀ ਫਸਲ ਵੀ ਵੇਲੇ ਸਿਰ ਬੀਜੀ ਜਾ ਸਕੇਗੀ। ਜਿੰਨ੍ਹਾਂ ਖੇਤਾਂ ਵਿਚ ਤਣੇ ਗੜੂੰਆਂ ਕਰਕੇ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ ਉੱਥੇ 60 ਮਿਲੀਲਿਟਰ ਕੋਰਾਜ਼ਨ 18.5 ਐਸ ਸੀ 20 ਮਿਲੀਲਿਟਰ ਫੇਮ 480 ਐਸ ਸੀ ਜਾਂ 170 ਗ੍ਰਾਮ ਮੋਰਟਰ 75 ਐਸ ਜੀ ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ ਜਾਂ 1.0 ਲਿਟਰ,



ਕਲੋਰਪਾਈਰੀਫਾਸ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਕਰੋ। ਬੂਟਿਆਂ ਦੇ ਟਿੱਡਿਆਂ ਦੇ ਸਰਵੇਖਣ ਲਈ, ਕੁਝ ਬੂਟੇ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ। ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਜੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ।

**ਨਰਮਾ** : ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਰਮੇ ਦੀ ਚੁਗਾਈ ਪੂਰੀ ਕਰ ਲਵੋ।

**ਕਮਾਦ** : ਇਸ ਮਹੀਨੇ ਦੀ 20 ਤਰੀਕ ਤੱਕ ਗੰਨੇ ਦੀ ਬਿਜਾਈ ਖਤਮ ਕਰ ਲਵੋ। ਬੀਜ ਨੂੰ ਸਿਫਾਰਸ਼ ਅਨੁਸਾਰ ਸੋਧ ਲਵੋ। ਕਤਾਰਾਂ ਦਾ ਫਾਸਲਾ 90 ਸੈ. ਮੀ. ਰੱਖੋ। ਕਤਾਰਾਂ ਵਿਚਕਾਰ ਸਰ੍ਹੋਂ, ਮਟਰ, ਗੋਭੀ ਸਰ੍ਹੋਂ, ਬੰਦ ਗੋਭੀ, ਛੋਲੇ, ਕਣਕ, ਮੂਲੀ, ਲਸਣ ਆਦਿ ਦੀ ਬਿਜਾਈ ਕੀਤੀ ਜਾ ਸਕਦੀ ਹੈ। ਫਸਲ ਦੀ ਬਿਜਾਈ 2 ਕਤਾਰਾਂ ਵਿਚ ਇਕ ਫੁੱਟ ਚੌੜੀਆਂ ਅਤੇ 20-25 ਸੈਂਟੀਮੀਟਰ ਡੂੰਘੀਆਂ ਖਾਲੀਆਂ ਵਿਚ ਕਰੋ ਅਤੇ ਕਤਾਰਾ ਦਾ ਫਾਸਲਾ 90 ਸੈਂ. ਮੀ. ਰੱਖੋ। ਗੰਨੇ ਦੀ ਬਿਜਾਈ ਦੋ ਕਤਾਰੀ ਖਾਲੀ ਰਾਹੀਂ ਕਰਨ ਨਾਲ ਸਿੰਚਾਈ ਵਾਲੇ ਪਾਣੀ ਦੀ ਬੱਚਤ, ਫਸਲ ਦੀ ਸੌਖੀ ਬਨਾਈ ਅਤੇ ਝਾੜ ਵਿਚ ਵਾਧਾ ਹੁੰਦਾ ਹੈ। ਕਮਾਦ ਵਿਚ ਤਣੇ ਦੇ ਗੜੂੰਏ ਦੀ ਰੋਕਥਾਮ ਲਈ ਟਰਾਈਕੋਗਰਾਮਾ ਕੀਲੋਨਿਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨਾਂ ਦਾ ਵਕਫੇ ਤੇ ਖੇਤ ਵਿਚ ਛੱਡੋ। ਖੇਤ ਵਿਚ ਮਿੱਤਰ ਕੀੜੇ ਛੱਡਣ ਲਈ ਇਕ ਟਰਾਈਕੋ-ਕਾਰਡ (10×15 ਸੈ. ਮੀ.) ਨੂੰ 5×0.75 ਸੈ. ਮੀ. ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿਚ ਕੱਟੋ। ਇਨ੍ਹਾਂ ਹਿੱਸਿਆਂ ਨੂੰ ਕਮਾਦ ਦੇ ਪੱਤਿਆਂ ਤੇ ਹੇਠਲੇ ਪਾਸੇ ਇਕ ਏਕੜ ਵਿਚ ਬਰਾਬਰ ਦੂਰੀ ਤੇ 40 ਥਾਵਾਂ ਤੇ ਸ਼ਾਮ ਵੇਲੇ ਪਿੰਨ੍ਹਾਂ ਨਾਲ ਨੱਥੀ ਕਰੋ। ਆਗ ਦੇ ਗੜੂੰਏ ਦੀ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿੱਲੋ ਦਾਣੇਦਾਰ ਕਾਰਬੋਫੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ।

**ਤੇਲ ਬੀਜ** : ਰਾਇਆ ਦੀਆਂ ਗਿਰੀਰਾਜ, ਆਰ ਐਲ ਸੀ 3, ਪੀ ਬੀ ਆਰ 357 ਕਿਸਮਾਂ ਪੰਜਾਬ ਦੇ ਸਾਰੇ ਇਲਾਕਿਆਂ ਵਿਚ ਸੇਜੂ ਹਾਲਤਾਂ ਲਈ ਢੁੱਕਵੀਆਂ ਹਨ ਅਤੇ ਬਰਾਨੀ ਹਾਲਤਾਂ ਲਈ ਪੀ ਬੀ ਆਰ 97 ਕਿਸਮ ਬੀਜੋ। ਆਰ ਸੀ ਐਚ 1, ਪੀ ਐੱਚ ਆਰ 126 ਅਤੇ ਪੀ ਬੀ ਆਰ 91 ਕੇਵਲ ਦੱਖਣ-ਪੱਛਮੀ ਸੇਜੂ ਇਲਾਕਿਆਂ ਲਈ ਸਿਫਾਰਿਸ਼ ਕੀਤੀਆਂ ਜਾਂਦੀਆਂ ਹਨ। ਰਾਇਆ ਦੀ ਫਸਲ ਲਈ ਢੁਕਵਾਂ ਸਮਾਂ ਅਕਤੂਬਰ ਦਾ ਦੂਜਾ ਪੰਦਰਵਾੜਾ ਹੈ। ਗੋਭੀ ਸਰ੍ਹੋਂ ਪੀ ਜੀ ਐਸ ਐਚ 1707, ਜੀ ਐਸ ਸੀ 7, ਜੀ ਐਸ ਸੀ-6 ਕਿਸਮਾਂ ਦੀ ਬਿਜਾਈ 10 ਅਕਤੂਬਰ ਤੋਂ ਸ਼ੁਰੂ ਕਰ ਦੇਣੀ ਚਾਹੀਦੀ ਹੈ। ਅਫਰੀਕਨ ਸਰ੍ਹੋਂ ਪੀ ਸੀ 6 ਬਿਜਾਈ ਵੀ ਇਸ ਸਾਰੇ ਮਹੀਨੇ ਵਿਚ ਕੀਤੀ ਜਾ ਸਕਦੀ ਹੈ। ਰਾਇਆ, ਅਫਰੀਕਨ ਸਰ੍ਹੋਂ ਅਤੇ ਗੋਭੀ ਸਰ੍ਹੋਂ ਨੂੰ ਬਿਜਾਈ ਵੇਲੇ 45 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਤੇ 10 ਕਿਲੋ ਮਿਊਰੇਟ ਆਫ ਪੋਟਾਸ਼ (ਸਿਰਫ ਘਾਟ ਵਾਲੀਆਂ ਜ਼ਮੀਨਾਂ ਵਿਚ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣ ਦੀ ਜ਼ਰੂਰਤ ਹੈ। ਯੂਰੀਏ ਦੀ ਦੂਸਰੀ ਕਿਸ਼ਤ 45 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਵੇਲੇ ਪਾਓ।

**ਚਾਰੇ** : ਬਰਸੀਮ ਦੀ ਫਸਲ ਨੂੰ 6 ਟਨ ਦੇਸੀ ਰੂੜੀ ਅਤੇ 125 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਤੋਂ ਪਹਿਲਾਂ ਪਾਉ। ਜਿੱਥੇ ਦੇਸੀ ਖਾਦ ਨਹੀਂ ਮਿਲਦੀ, ਉੱਥੇ 185 ਕਿਲੋ ਸਿੰਗਲ ਸੁਪਰਫਾਸਫੇਟ ਦੇਨਾਲ 22 ਕਿਲੋ ਯੂਰੀਆ/ਏਕੜ ਵਰਤੋ।

**ਛੋਲੇ** : ਛੋਲਿਆਂ ਦੀ ਕਿਸਮ ਪੀ ਡੀ ਜੀ 4 ਦੀ ਬਿਜਾਈ ਬਰਾਨੀ ਹਾਲਤਾਂ ਵਿਚ 10 ਤੋਂ 25 ਅਕਤੂਬਰ ਤੱਕ ਕਰੋ।

**ਮਸਰ** : ਨੀਮ ਪਹਾੜੀ ਇਲਾਕਿਆਂ ਵਿਚ ਮਸਰਾਂ ਦੀ ਬਿਜਾਈ ਅਕਤੂਬਰ ਦੇ ਦੂਸਰੇ ਪੰਦਰਵਾੜੇ ਵਿਚ ਕਰੋ ਅਤੇ ਐੱਲ ਐੱਲ 1373 ਕਿਸਮ ਦਾ 18 ਕਿਲੋ ਬੀਜ ਪ੍ਰਤੀ ਏਕੜ ਤੇ ਐੱਲ ਐੱਲ 931 ਕਿਸਮ ਦਾ 12-15 ਕਿਲੋ ਪ੍ਰਤੀ ਏਕੜ ਬੀਜ ਬੀਜੋ।

**ਬਾਗਬਾਨੀ** : ਨਵੇਂ ਲਗਾਏ ਫਲਦਾਰ ਬੂਟਿਆਂ ਦੇ ਠੀਕ ਵਾਧੇ ਅਤੇ ਇਹਨਾਂ ਦਾ ਢਾਂਚਾ ਅਤੇ ਅਕਾਰ ਸਹੀ ਬਣਾਉਣ ਲਈ ਇਹਨਾਂ ਬੂਟਿਆਂ ਨੂੰ ਬਾਂਸ ਦੇ ਡੰਡਿਆਂ ਨਾਲ ਸਹਾਰਾ ਦਿੱਤਾ ਜਾ ਸਕਦਾ ਹੈ। ਇਨ੍ਹਾਂ ਬੂਟਿਆਂ ਨੂੰ ਲਗਾਤਾਰ ਹਲਕੇ ਪਾਣੀ ਦਿੰਦੇ ਰਹੋ। ਜਿੰਨੀਆਂ ਦੀ ਸ਼ਾਖਾਵਾਂ ਪਿਉਂਦੀ ਸ਼ਾਖਾ ਦੇ ਹੇਠੋਂ ਨਿਕਲੀ ਆਂ ਹੋਣ ਉਹਨਾਂ ਨੂੰ ਲਗਾਤਾਰ ਕੱਟਦੇ ਰਹੋ। ਸਟਾਰਅਬੈਰੀ ਦੀ ਪਨੀਰੀ ਇਸ ਮਹੀਨੇ ਖੇਤ ਵਿਚ ਲਗਾਈ ਜਾ ਸਕਦੀ ਹੈ। ਅਗੇਤੇ ਪੱਕਣ ਵਾਲੇ ਮਾਲਟੇ ਜਿਵੇਂ ਕਿ ਮੁਸੰਮੀ, ਅਰਲੀ ਗੋਲਡ ਦੇ ਫਲਾਂ ਦੀ ਤੁੜਾਈ ਇਸ ਮਹੀਨੇ ਸ਼ੁਰੂ ਕੀਤੀ ਜਾ ਸਕਦੀ ਹੈ।

**ਸਬਜ਼ੀਆਂ** : ਪਤਝੜ ਦੀ ਫਸਲ ਲਈ ਆਲੂ ਪੰਜਾਬ ਪੋਟੈਟੋ-101 ਅਤੇ



ਪੰਜਾਬ ਪੋਟੈਟੋ-102 ਕਿਸਮਾਂ, ਖਾਸਤੌਰ ਤੇ ਜੇ ਬੀਜ ਤਿਆਰ ਕਰਨਾ ਹੋਵੇ ਤਾਂ ਬਿਜਾਈ ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿਚ ਕਰ ਦਿਉ। 100 ਗ੍ਰਾਮ ਬੀਜ ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ 100 ਗ੍ਰਾਮ ਦੋ ਮਰਲੇ (50 ਸੁਕੇਅਰ ਮੀਟਰ) ਵਿਚ ਬੀਜੋ। ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ। ਫੁੱਲਗੋਭੀ ਦੀ ਮੁੱਖ ਸਮੇਂ ਦੀਆਂ ਕਿਸਮਾਂ ਦੀ ਪਨੀਰੀ ਖੇਤ ਵਿਚ ਲਗਾਉ। ਸਰਦੀਆਂ ਦੀ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਸ਼ਲਗਮ ਪਾਲਕ ਆਦਿ ਦੀ ਬਿਜਾਈ ਸ਼ੁਰੂ ਕੀਤੀ ਜਾ ਸਕਦੀ ਹੈ। ਗੋਭੀ ਦੀਆਂ ਅਗੇਤੀਆਂ ਕਿਸਮਾਂ ਦੇਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ। ਬੈਂਗਣ ਅਤੇ ਫੁੱਲਗੋਭੀ ਦੀ ਮੁੱਖ ਸਮੇਂ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਪਨੀਰੀ ਮੁੱਖ ਖੇਤ ਵਿਚ ਲਗਾਓ। ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਪੋਰਟ ਦਿਉ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ।

**ਪਸ਼ੂ ਪਾਲਣ** : ਪਸ਼ੂਆਂ ਦਾ ਠੀਕ ਸਮੇਂ ਤੇ ਟੀਕਾਕਰਨ ਕਰਵਾਉ ਤਾਂ ਜੋ ਉਨ੍ਹਾਂ ਨੂੰ ਬੀਮਾਰੀਆਂ ਜਿਵੇਂ ਮੂੰਹਖੁਰ ਗਲਘੋਟੂ, ਪੱਟਸੋਜਾ, ਐਨਟੇਰੋਟੋਕਸੀਮਿਆ ਆਦਿ ਤੋਂ ਬਚਾਇਆ ਜਾ ਸਕੇ। ਸਮੇਂ ਸਮੇਂ ਤੇ ਪਸ਼ੂਆਂ ਨੂੰ ਮਲੱਪਾਂ ਵਿਰੁੱਧ ਦਵਾਈ ਵੀ ਦੇਣੀ ਲਾਜ਼ਮੀ ਹੈ ਕਿਉਕਿ ਉਹ ਪਸ਼ੂ ਨੂੰ ਦਿੱਤੀ ਖੁਰਾਕ ਦੀ ਵਰਤੋਂ ਆਪਣੇ ਵਾਧੇ ਲਈ ਕਰਦੇ ਹਨ ਅਤੇ ਪਸ਼ੂ ਕਮਜ਼ੋਰ ਹੁੰਦਾ ਜਾਂਦਾ ਹੈ। ਮਲੱਪਾਂ ਅਤੇ ਹੋਰ ਕੀੜੇ ਮਾਰ ਦਵਾਈਆਂ ਨੂੰ ਬਦਲ ਵੀ ਲੈਣਾ ਚਾਹੀਦਾ ਹੈ ਤਾਂ ਕਿ ਪਸ਼ੂ ਵਿਚ ਇਨ੍ਹਾਂ ਵਿਰੁੱਧ ਪ੍ਰਤੀਰੋਧ ਪੈਦਾ ਨਾ ਹੋ ਜਾਵੇ। ਇਸ ਸਮੇਂ ਵਾਧੂ ਹਰੇ ਚਾਰੇ ਦੀ ਕਟਾਈ ਕਰਕੇ ਉਸਨੂੰ ਸੰਭਾਲ ਲੈਣਾ ਚਾਹੀਦਾ ਹੈ ਤਾਂ ਜੋ ਪੱਠਿਆਂ ਦੀ ਥੁੜ ਸਮੇਂ ਉਸਦੀ ਵਰਤੋਂ ਕੀਤੀ ਜਾ ਸਕੇ। ਹਰੇ ਚਾਰੇ ਨੂੰ ਲੋੜੀਂਦੀ ਮਾਤਰਾ ਵਿਚ ਸੁੱਕੇ ਚਾਰੇ ਵਿਚ ਮਿਲਾ ਕੇ ਹੀ ਪਸ਼ੂ ਨੂੰ ਦਿਉ ਕਿਉਕਿ ਸਿਰਫ ਹਰਾ ਚਾਰਾ ਦੇਣ ਨਾਲ ਕਈ ਵਾਰ ਪਸ਼ੂ ਨੂੰ ਮੋਕ ਲੱਗ ਜਾਂਦੀ ਹੈ ਅਤੇ ਐਸੀਡੋਸਿਸ ਵਰਗੀ ਸਮੱਸਿਆ ਵੀ ਆਉਂਦੀ ਹੈ। ਵਾਧੂ ਹਰੇ ਚਾਰੇ ਨੂੰ ਸਾਂਭਣ ਲਈ ਅਸੀਂ ਉਸਦਾ ਆਚਾਰ ਜਾਂ ਹੇਅ ਤਿਆਰ ਕਰ ਸਕਦੇ ਹਾਂ।

# ਬੀ ਟੀ ਨਰਮੇ ਤੇ ਗੁਲਾਬੀ ਸੁੰਡੀ ਦੀ ਰੋਕਥਾਮ



ਬੀ ਟੀ ਨਰਮੇ ਉੱਪਰ ਸਰਵੇਖਣ ਦੌਰਾਨ ਨਰਮੇ ਪੱਟੀ ਦੇ ਕੁੱਝ ਖੇਤਾਂ ਵਿਚ ਗੁਲਾਬੀ ਸੁੰਡੀ ਦਾ ਹਮਲਾ ਵੇਖਣ ਵਿਚ ਆਇਆ ਹੈ। ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸੁੰਡੀ ਦੀ ਰੋਕਥਾਮ ਲਈ ਪਹਿਲ ਦੇ ਅਧਾਰ 'ਤੇ ਸਿੰਥੈਟਿਕ ਗਰੁੱਪ ਦੀਆਂ ਜ਼ਹਿਰਾਂ ਜਿਵੇਂ ਕਿ 300 ਮਿਲੀਲਿਟਰ ਡੈਨੀਟੋਲ 10 ਈ ਸੀ (ਫੈਨਪਰੋਪੈਥਰਿਨ) ਜਾਂ 160 ਮਿਲੀਲਿਟਰ ਡੈਲਟਾਮੈਥਰਿਨ 2.8 ਈ ਸੀ (ਡੈਸਿਸ) ਜਾਂ 200 ਮਿਲੀਲਿਟਰ ਸਾਈਪਰਮੈਥਰਿਨ 10 ਈ ਸੀ (ਰਿਪਕੋਰਡ/ਸਾਈਪਰਗਾਰਡ) ਜਾਂ 100 ਮਿਲੀਲਿਟਰ ਫੈਨਵਰਲਰੇਟ 20 ਈ ਸੀ (ਸੁਮੀਸੀਡੀਨ / ਮਾਰਕਫੈਨਵਲ) ਜਾਂ 300 ਮਿਲੀਲਿਟਰ ਬੀਟਾ ਸਾਈਫਲੂਥਰੀਨ 0.25 ਐਸ ਸੀ (ਬੁਲਡੋਕ) ਦਾ ਪ੍ਰਤੀ ਏਕੜ ਦੇ ਹਿਸਾਬ ਨਾਲ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨ। ਇਨ੍ਹਾਂ ਜ਼ਹਿਰਾਂ ਦੇ ਛਿੜਕਾਅ ਕਾਰਨ ਗੁਲਾਬੀ ਸੁੰਡੀ ਦੇ ਹਮਲੇ ਨੂੰ ਅੱਗੇ ਵੱਧਣ ਤੋਂ ਰੋਕਿਆ ਜਾ ਸਕਦਾ ਹੈ। ਗੁਲਾਬੀ ਸੁੰਡੀ ਦੀ ਬੇ-ਮੌਸਮੀ ਰੋਕਥਾਮ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਹੇਠਾਂ ਲਿਖੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਅਪਨਾ ਕੇ ਅਗਲੇ ਸਾਲ ਹੋਣ ਵਾਲੇ ਗੁਲਾਬੀ ਸੁੰਡੀ ਦੇ ਹਮਲੇ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

**ਖੇਤਾਂ ਵਿਚ ਗੁਲਾਬੀ ਸੁੰਡੀ ਦੇ ਫੈਲਾਅ ਨੂੰ ਰੋਕਣ ਲਈ ਛਿਟੀਆਂ ਦੀ ਸਾਂਭ ਸੰਭਾਲ**

★ ਆਖਰੀ ਚੁਗਾਈ ਤੋਂ ਬਾਅਦ ਗੁਲਾਬੀ ਸੁੰਡੀ ਦੇ ਹਮਲੇ ਵਾਲੇ ਨਰਮੇ ਦੇ ਖੇਤਾਂ ਵਿਚ ਬਚੀਆਂ ਛਿਟੀਆਂ ਨੂੰ ਸ਼ਰੈਡਰ ਦੁਆਰਾ ਖੇਤਾਂ ਵਿਚ ਵਾਹ ਦਿਓ।

★ ਹਮਲੇ ਵਾਲੇ ਖੇਤਾਂ ਵਿਚ ਛਿਟੀਆਂ ਨੂੰ ਨਵੀਂ ਜਗ੍ਹਾ ਤੇ ਨਾ ਲਿਜਾਓ।

★ ਕਪਾਹ ਦੀਆਂ ਛਿਟੀਆਂ ਇਕੱਠੀਆਂ ਕਰਕੇ ਛਾਵੇਂ ਜ਼ਮੀਨ ਦੇ ਸਮਾਨੰਤਰ ਰੱਖਣ ਨਾਲ ਸੁਸਤ ਹਾਲਤ ਵਿਚ ਟੀਂਡੇ ਦੀ ਗੁਲਾਬੀ ਸੁੰਡੀ ਗਰਮੀਆਂ ਵਿਚ ਘੱਟ ਮਰਦੀ ਹੈ। ਛਿਟੀਆਂ ਨੂੰ ਵੱਢ ਕੇ ਖੇਤ ਵਿਚ ਰੱਖਣ ਨਾਲ ਇਹ ਕੀੜੇ ਬਹੁਤ ਛੇਤੀ ਫੈਲਦੇ ਹਨ।

★ ਨਰਮੇ ਦੀਆਂ ਛਿਟੀਆਂ ਦੇ ਢੇਰ ਖੇਤ ਵਿਚ ਲਗਾਓ, ਸਗੋਂ ਪਿੰਡ ਵਿਚ ਲਗਾਓ। ਛਿਟੀਆਂ ਦੀਆਂ ਭਰੀਆਂ ਦੇ ਢੇਰ ਖੜ੍ਹਵੇਂ ਅਤੇ ਰੁੱਖ / ਦਰੱਖਤ ਆਦਿ ਦੀ ਛਾਂ ਤੋਂ ਪਰੇ ਧੁੱਪ ਵਿਚ ਲਗਾਓ।

★ ਆਖਰੀ ਚੁਗਾਈ ਤੋਂ ਬਾਅਦ ਪਸ਼ੂਆਂ ਨੂੰ ਫਸਲ ਦਾ ਬੱਚ-ਖੁਚ, ਪੱਤੇ ਅਤੇ ਅਣਖਿੜੇ ਟੀਂਡੇ ਖਾਣ ਲਈ ਕਪਾਹ ਦੇ ਖੇਤਾਂ ਵਿਚ ਛੱਡ ਦਿਓ।

★ ਛਿਟੀਆਂ ਦੇ ਢੇਰ ਲਾਉਣ ਤੋਂ ਪਹਿਲਾਂ ਕੱਟੀਆਂ ਹੋਈਆਂ ਛਿਟੀਆਂ ਨੂੰ ਜ਼ਮੀਨ ਤੇ ਮਾਰ ਮਾਰ ਕੇ ਅਣਖਿੜੇ ਟੀਂਡੇ ਅਤੇ ਸਿੱਕਰੀਆਂ ਨੂੰ ਝਾੜ ਦਿਓ ਜਾਂ ਤੋੜ ਲਓ। ਇਸ ਤਰ੍ਹਾਂ ਇਕੱਠੀਆਂ ਹੋਈਆਂ ਸਿੱਕਰੀਆਂ ਅਤੇ ਟੀਂਡਿਆਂ ਦੇ ਢੇਰ ਨੂੰ ਜਲਦੀ ਨਸ਼ਟ ਕਰ ਦਿਓ।

**ਵਿਜੈ ਕੁਮਾਰ, ਜਗਦੀਸ਼ ਅਰੋੜਾ ਅਤੇ ਅਮਨਦੀਪ ਕੌਰ,**
**ਕੀਟ ਵਿਗਿਆਨ ਵਿਭਾਗ** (ਮੋ. 97794-51214)

RNI Regd. No. PUNPUN00806




ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com


# ਫ਼ਸਲੀ ਵਿਭਿੰਨਤਾ ਦੇ ਨਾਮ 'ਤੇ ਕਿਸਾਨਾਂ ਨਾਲ ਧੋਖਾ

## ਪੰਜਾਬ ਵਿੱਚ ਮੱਕੀ ਦੀ ਬਿਜਾਂਦ ਫਰਜ਼ੀ ਨਿਕਲੀ; ਪੜਤਾਲ ਮਗਰੋਂ ਕਾਰਵਾਈ ਦੇ ਹੁਕਮ ਜਾਰੀ



★ ਬੀਜ ਡੀਲਰਾਂ ਤੇ ਟਰੇਡਰਾਂ ਨਾਲ ਮਿਲੀਭੁਗਤ ਸਾਹਮਣੇ ਆਈ ★ ਕਿਸਾਨਾਂ ਨੂੰ ਫਰਜ਼ੀ ਅਤੇ ਗੈਰ-ਮਿਆਰੀ ਬੀਜ ਵੰਡਿਆ ਗਿਆ

ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ ਵੱਲੋਂ ਮੱਕੀ ਦੇ ਫਾਊਂਡੇਸ਼ਨ ਬੀਜ ਦੀ ਬਿਜਾਈ ਖੇਤਾਂ ਦੀ ਬਜਾਏ ਕਾਗਜ਼ਾਂ ਵਿੱਚ ਦਿਖਾਉਣ ਦਾ ਗੋਰਖਧੰਦਾ ਬੇਪਰਦ ਹੋਇਆ ਹੈ । ਫ਼ਸਲੀ ਵਿਭਿੰਨਤਾ ਦੇ ਰਾਹ ਪੈਣ ਵਾਲੇ ਕਿਸਾਨਾਂ ਨਾਲ ਇਹ ਵੱਡੀ ਠੱਗੀ ਦਾ ਮਾਮਲਾ ਹੈ । ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ ਦੇ ਖੇਤਰੀ ਦਫਤਰ ਜਲੰਧਰ ਨੇ ਮੱਕੀ ਦੇ ਫਾਊਂਡੇਸ਼ਨ ਬੀਜ ਦੀ ਖੇਤਾਂ ਵਿੱਚ ਫਰਜ਼ੀ ਬਿਜਾਂਦ ਦਿਖਾ ਦਿੱਤੀ, ਜਿਸ ਦਾ ਪਤਾ ਉੱਚ ਪੱਧਰੀ ਪੜਤਾਲ ਦੌਰਾਨ ਲੱਗਿਆ ਹੈ । ਖੇਤੀ ਮੰਤਰੀ ਦੇ ਧਿਆਨ ਵਿੱਚ ਜਦੋਂ ਮਾਮਲਾ ਸ਼ਿਕਾਇਤਾਂ ਜ਼ਰੀਏ ਆਇਆ ਤਾਂ ਉਨ੍ਹਾਂ ਇਸ ਮਾਮਲੇ ਦੀ ਜਾਂਚ ਦੇ ਹੁਕਮ ਜਾਰੀ ਕੀਤੇ ਸਨ । ਪੰਜਾਬ ਰਾਜ ਪ੍ਰਮਾਣਨ ਸੰਸਥਾ ਨੇ ਪੜਤਾਲ ਲਈ ਵਿਸ਼ੇਸ਼ ਦਸਤੇ ਦਾ ਗਠਨ ਕੀਤਾ ਸੀ ਅਤੇ ਪੜਤਾਲ ਮਗਰੋਂ ਇਸ ਦੀ ਰਿਪੋਰਟ 8 ਅਕਤੂਬਰ ਨੂੰ ਖੇਤੀ ਮੰਤਰੀ ਨੂੰ ਸੌਂਪੀ ਸੀ । ਇਸ ਫਰਜ਼ੀ ਗੋਲਮਾਲ ਵਿਚ ਬੀਜ ਪ੍ਰਮਾਣਨ ਸਹਾਇਕ ਅਤੇ ਖੇਤਰੀ ਦਫਤਰ ਜਲੰਧਰ ਦੀ ਬੀਜ ਡੀਲਰਾਂ ਅਤੇ ਟਰੇਡਰਾਂ ਨਾਲ ਮਿਲੀਭੁਗਤ ਮਿਲੀ ਹੈ ।

ਚਾਰ ਮੈਂਬਰੀ ਵਿਸ਼ੇਸ਼ ਦਸਤੇ ਨੇ ਆਪਣੀ ਪੜਤਾਲ ਰਿਪੋਰਟ 27 ਸਤੰਬਰ ਨੂੰ ਦੇ ਦਿੱਤੀ ਸੀ । ਰਿਪੋਰਟ ਅਨੁਸਾਰ ਸੰਸਥਾ ਵੱਲੋਂ ਛੇ ਅਦਾਰਿਆਂ ਜ਼ਰੀਏ 1315 ਏਕੜ ਰਕਬੇ ਵਿੱਚ ਫਾਊਂਡੇਸ਼ਨ ਬੀਜ ਦੀ ਬਿਜਾਂਦ ਕਰਵਾਈ ਗਈ, ਜਿਸ ਦੀ ਉਪਜ ਹਾਸਲ ਕਰਕੇ ਤਸਦੀਕਸ਼ੁਦਾ ਬੀਜ ਅੱਗੇ ਕਿਸਾਨਾਂ ਨੂੰ ਦਿੱਤਾ ਜਾਣਾ ਸੀ । ਕਿਸਾਨਾਂ ਤੋਂ ਇਹ ਉਪਜ ਐਮ. ਐਸ. ਪੀ. ਤੋਂ ਵੱਧ ਭਾਅ 'ਤੇ ਖਰੀਦ ਕੀਤੀ ਜਾਂਦੀ ਹੈ । ਪੜਤਾਲ ਵਿੱਚ ਸਾਹਮਣੇ ਆਇਆ ਕਿ ਮੱਕੀ ਦੇ ਬੀਜ ਦੀ ਸਰਟੀਫਿਕੇਸ਼ਨ ਦਾ ਸਾਰਾ ਰਕਬਾ ਕੁੱਝ ਦਲਾਲਾਂ ਤੇ ਬੀਜ ਟਰੇਡਰਜ਼ ਵੱਲੋਂ ਆਪਣੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੇ ਨਾਵਾਂ 'ਤੇ ਸਿਰਫ ਕਾਗਜ਼ਾਂ ਵਿੱਚ ਹੀ ਦਿਖਾਇਆ ਗਿਆ । ਕੁੱਝ ਚੋਣਵੇਂ ਪਰਿਵਾਰਾਂ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਮੋਟਾ ਫਾਇਦਾ ਦੇਣ ਲਈ ਇਹ ਬੀਜ ਵੰਡਿਆ ਗਿਆ ।

ਪੜਤਾਲ ਰਿਪੋਰਟ ਅਨੁਸਾਰ ਖੇਤਰੀ ਦਫਤਰ ਜਲੰਧਰ ਦੀ ਮਿਲੀ-ਭੁਗਤ ਨਾਲ ਫਰਜ਼ੀ ਰਕਬੇ ਨੂੰ ਸਰਟੀਫਾਈਡ ਕੀਤਾ ਜਾਂਦਾ ਹੈ ਅਤੇ ਇਸ ਮਗਰੋਂ ਦਲਾਲਾਂ ਤੇ ਬੀਜ ਟਰੇਡਰਜ਼ ਵੱਲੋਂ ਵੱਡਾ ਮੁਨਾਫਾ ਚੋਣਵੇਂ ਅਧਿਕਾਰੀਆਂ ਨਾਲ ਮਿਲ ਕੇ ਆਪਸ ਵਿਚ ਵੰਡ ਲਿਆ ਜਾਂਦਾ ਸੀ । ਪੜਤਾਲ ਵਿਚ ਸਪੱਸ਼ਟ ਹੋਇਆ ਕਿ ਪੰਜਾਬ ਦੇ ਕਿਸਾਨਾਂ ਨੂੰ ਫਰਜ਼ੀ ਅਤੇ ਗੈਰ-ਮਿਆਰੀ ਬੀਜ ਪੈਦਾ ਕਰਕੇ ਵੰਡਿਆ ਜਾ ਰਿਹਾ ਹੈ ।

ਵਿਸ਼ੇਸ਼ ਦਸਤੇ ਨੇ ਜ਼ਿਲ੍ਹਾ ਜਲੰਧਰ, ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਪਠਾਨਕੋਟ ਵਿਚਲੇ ਮੱਕੀ ਦੇ ਫਾਊਂਡੇਸ਼ਨ ਬੀਜ ਦੇ ਕਾਸ਼ਤਕਾਰ ਕਿਸਾਨਾਂ ਨਾਲ ਦਿੱਤੇ ਗਏ ਰਜਿਸਟਰਡ ਮੋਬਾਈਲ ਨੰਬਰਾਂ 'ਤੇ ਸੰਪਰਕ ਕੀਤਾ ਤਾਂ ਪਾਇਆ ਗਿਆ ਕਿ ਇਹ ਨੰਬਰ ਦੋ ਜਾਂ ਤਿੰਨ ਬੀਜ ਟਰੇਡਰਾਂ/ਦਲਾਲਾਂ ਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੇ ਸਨ । ਇਨ੍ਹਾਂ ਵੱਲੋਂ ਮਿਲਕਫੈਡ, ਐਨ. ਸੀ. ਸੀ., ਪਨਸੀਡ ਅਤੇ ਨੈਫਡ ਆਦਿ ਨਾਲ ਸੈਟਿੰਗ ਕਰਕੇ ਇਹ ਬੀਜ ਆਮ ਕਿਸਾਨਾਂ ਨੂੰ ਬੀਜ ਪੈਦਾ ਕਰਨ ਲਈ ਦੇਣ ਦੀ ਥਾਂ ਆਪਣੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੇ ਨਾਮ ਜਾਰੀ ਕਰਵਾ ਲਿਆ ਗਿਆ । ਰਜਿਸਟਰਡ ਮੋਬਾਈਲ ਨੰਬਰਾਂ 'ਤੇ ਸੰਪਰਕ ਕੀਤੇ ਜਾਣ 'ਤੇ ਸੰਬੰਧਿਤ ਕਿਸਾਨਾਂ ਨੂੰ ਮੱਕੀ ਦੇ ਬੀਜ ਦੇ ਰਕਬੇ, ਕਿਸਮ ਅਤੇ ਸ਼੍ਰੇਣੀ ਆਦਿ ਬਾਰੇ ਕੋਈ ਕਾਰਵਾਈ ਨਹੀਂ ਸੀ ਅਤੇ ਨਾ ਹੀ ਇਹ ਕਿਸਾਨ ਆਪਣੇ ਖੇਤ ਦਿਖਾ ਸਕੇ । ਸਾਰੇ ਕਿਸਾਨਾਂ ਨੇ ਇੱਕ ਵਿਅਕਤੀ ਵਿਸ਼ੇਸ਼ ਦਾ ਨਾਮ ਲਿਆ, ਜਿਸ ਨੇ ਪਤਾ ਲੱਗਦੇ ਹੀ ਵਿਸ਼ੇਸ਼ ਦਸਤੇ ਨੂੰ ਧਮਕਾਇਆ ਵੀ ਅਤੇ ਗੰਭੀਰ ਨਤੀਜੇ ਭੁਗਤਣ ਲਈ ਤਿਆਰ ਰਹਿਣ ਵਾਸਤੇ ਵੀ ਕਿਹਾ । ਫਾਊਂਡੇਸ਼ਨ ਬੀਜ ਵਾਲਾ ਰਕਬਾ ਕਿਸਾਨ ਦਿਖਾਉਣ ਵਿੱਚ ਅਸਫਲ ਰਹੇ ਅਤੇ ਇਹ ਸਾਰਾ ਰਕਬਾ ਫਰਜ਼ੀ ਪਾਇਆ ਗਿਆ । ਕੁੱਲ 1319 ਏਕੜ ਰਕਬੇ ਵਿੱਚੋਂ ਸਿਰਫ ਚਾਰ ਏਕੜ ਰਕਬਾ ਹੀ ਸਹੀ ਤਸਦੀਕ ਹੋਇਆ ਹੈ । ਵਿਸ਼ੇਸ਼ ਦਸਤੇ ਨੇ ਮੱਕੀ, ਜਵੀ ਅਤੇ ਬਰਸੀਮ ਦੇ ਬੀਜਾਂ ਨੂੰ ਪੈਦਾ ਕਰਨ ਵਾਲੇ ਇਸ ਗੋਰਖਧੰਦੇ ਨੂੰ ਠੱਲ੍ਹਣ ਵਾਸਤੇ ਸੁਝਾਅ ਵੀ ਪੇਸ਼ ਕੀਤੇ ਹਨ । ਇਹ ਵੀ ਸਿਫਾਰਿਸ਼ ਕੀਤੀ ਹੈ ਕਿ ਇਸ ਗੋਰਖਧੰਦੇ ਵਿੱਚ ਸ਼ਾਮਲ ਟਰੇਡਰਜ਼ ਨੂੰ ਬਲੈਕ ਲਿਸਟ ਕੀਤਾ ਜਾਵੇ ਤਾਂ ਜੋ ਪੰਜਾਬ ਦੀ ਕਿਸਾਨੀ ਨੂੰ ਬਚਾਇਆ ਜਾ ਸਕੇ ।

### ਕਿਸਾਨਾਂ ਨਾਲ ਠੱਗੀ ਬਰਦਾਸ਼ਤ ਨਹੀਂ ਕਰਾਂਗੇ : ਖੇਤੀ ਮੰਤਰੀ ਖੁੱਡੀਆਂ

ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੜਤਾਲ ਵਿੱਚ ਮੱਕੀ ਦੇ ਫਾਊਂਡੇਸ਼ਨ ਬੀਜ ਦਾ ਰਕਬਾ ਫਰਜ਼ੀ ਨਿਕਲਿਆ ਹੈ, ਜਿਸ ਨੂੰ ਲੈ ਕੇ ਖੇਤੀ ਬੀਜ ਪ੍ਰਮਾਣਨ ਅਫਸਰ ਜਲੰਧਰ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਖਿਲਾਫ ਸਖਤ ਕਾਰਵਾਈ ਦੇ ਹੁਕਮ ਦਿੱਤੇ ਗਏ ਹਨ । ਉਨ੍ਹਾਂ ਖੇਤੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਕਾਰਵਾਈ ਲਈ ਸਿਫਾਰਿਸ਼ ਭੇਜ ਦਿੱਤੀ ਹੈ । ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨਾਲ ਕਿਸੇ ਵੀ ਤਰ੍ਹਾਂ ਦੀ ਠੱਗੀ ਦੇ ਮਾਮਲੇ ਨੂੰ ਬਰਦਾਸ਼ਤ ਨਹੀਂ ਕਰੇਗੀ ।


BEW
KSA
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਊਡਰ ਕੋਟਿੰਗ ਪੇਂਟ
• ਪੇਟੈਂਟ ਡਿਜ਼ਾਇਨ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co